ਅੰਕ 2 ਅਕਤੂਬਰ 2020

# DIGITAL ਪੰਜਾਬੀ ਰਸਾਲਾ

## ਦਿਵਾਲੀ ਵਿਸ਼ੇਸ਼



## ਸਾਡੇ ਤਿਓਹਾਰ ਅਤੇ ਰਸਮਾਂ

# ਦਿਵਾਲੀ

ਗੁਜ਼ਰ ਦੇ ਵਕਤ ਦੇ ਨਾਲ ਦਿਵਾਲੀ ਦੀ ਰੂਪ ਰੇਖਾ ਵੀ ਬਦਲ ਗਈ ਹੈ। ਦੀਵਾਲੀ ਤਾਂ ਅਸਲ ਵਿੱਚ ਘਿਓ ਦੇ ਦੀਵੇ ਰੌਸ਼ਨਾ ਕੇ ਦੀਪਮਾਲਾ ਕਰਨ ਨੂੰ ਕਿਹਾ ਜਾਂਦਾ ਹੈ। ਪੁਰਾਣੇ ਸਮੇਂ ਤੋਂ ਹੀ ਸਨਾਤਨ  ਮੱਤ ਵਿੱਚ ਸ਼੍ਰੀ ਰਾਮ ਚੰਦਰ ਜੀ ਦੇ ਅਯੁੱਧਿਆ ਵਾਪਸ ਪਰਤਣ ਤੇ ਦੀਵਾਲੀ ਮਨਾਉਣ ਦਾ ਰਿਵਾਜ ਆਰੰਭ ਹੋਇਆ ਹੈ ਤੇ ਦੀਪਮਾਲਾ ਕਰਕੇ ਉਹਨਾਂ ਦੇ ਅਉਣ ਦੀ ਖੁਸ਼ੀ ਦਾ ਪਰਗਟਾਵਾ ਕੀਤਾ ਗਿਆ।

ਸਿੱਖ ਧਰਮ ਵਿੱਚ ਇਸਦੀ ਮਹਾਨਤਾ ਇਸ ਕਰਕੇ ਹੈ ਕਿਉਂਕਿ ਸਿਖਾਂ ਦੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਵਾਲੀ ਦੇ ਮੌਕੇ ਗਵਾਲੀਆਰ ਦੇ ਕਿਲੇ ਵਿਚੋਂ 52 ਪਹਾੜੀ ਰਾਜਿਆਂ ਸਮੇਤ ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਉਸ ਮੌਕੇ ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਦੇ  ਆਦੇਸ਼ਾਂ ਤਹਿਤ ਸਿਖਾਂ ਵਲੋਂ ਦੇਸੀ ਘਿਓ ਦੇ ਦੀਪ ਰੋਸ਼ਨਾਂ ਕੇ ਦੀਪਮਾਲਾ ਕੀਤੀ ਗਈ।

ਇਸ ਦੀਵਾਲੀ ਦੀ ਰਾਤ ਨੂੰ ਬਹੁਤ ਪਵਿੱਤਰ ਰਾਤ ਵੀ ਮੰਨਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਬਹੁਤ ਸਾਰੇ ਲੋਕ ਇਸ ਦੀਵਾਲੀ ਰਾਤ ਨੂੰ ਲਸ਼ਮੀ ਮਾਤਾ ਦੀ ਪੂਜਾ ਕਰਨ ਦੇ ਨਾਲ ਨਾਲ ਤਾਂਤਰਿਕ ਲੋਕਾਂ ਵਲੋਂ ਸਿਲੇ ਵੀ ਸਿੱਧ ਕੀਤੇ ਜਾਂਦੇ ਹਨ। ਪਰ ਅੱਜ ਕਲ ਦੀਵਾਲੀ ਦੀ ਰੂਪ ਰੇਖਾ ਹੀ ਬਦਲ ਗਈ ਹੈ।

ਅਸੀਂ ਸਾਰੇ ਹੀ ਦੇਖਦੇ ਹਾਂ ਕਿ ਦੀਵਾਲੀ ਚੋਂ ਕੁਝ ਕੁ ਦਿਨ ਹੀ ਪਹਿਲਾਂ ਖਬਰ ਆਉਦੀ ਹੈ ਕਿ ਫਲਾਣੀ ਜਗ੍ਹਾ ਤੇ ਪਟਾਕਿਆਂ ਦੀ ਫੈਕਟਰੀ ਵਿੱਚ ਧਮਾਕਾ ਹੋ ਗਿਆ ਏਨੀਂਆ ਮੌਤਾਂ ਹੋ ਗਈਆ। ਸਾਡੇ ਬਟਾਲੇ ਦੀ ਘਟਨਾ ਲੈ ਲਵੋ। ਜਦੋਂ ਉਸ ਫੈਕਟਰੀ ਵਿੱਚ ਧਮਾਕਾ ਹੋਇਆ ਤਾਂ 400 ਦੇ ਕਰੀਬ ਲੋਕ ਜਖਮੀ ਹੋਏ ਤੇ ਅਨੇਕਾਂ ਹੀ ਮੌਤਾਂ ਹੋਈਆਂ। ਬਹੁਤ ਸਾਰੇ ਘਰ ਨੁਕਸਾਨੇ ਗਏ।

ਦੀਵਾਲੀ ਵਾਲੀ ਰਾਤ ਮੁੰਡੇ ਤੇ ਬੱਚਿਆਂ ਵਲੋਂ ਵੱਡੀ ਭਰਮਾਰ ਵਿੱਚ ਪਟਾਖੇ ਚਲਾਏ ਜਾਂਦੇ ਹਨ ਜਿਸ ਨਾਲ ਬਹੁਤ ਸਾਰੇ ਬੱਚਿਆਂ ਦਾ ਸਰੀਰਰਕ ਨੁਕਸਾਨ ਹੁੰਦਾ ਹੈ। ਇਘ ਨਾਲ ਹਰ ਸਾਲ ਬਹੁਤ ਜਿਆਦਾ ਪ੍ਰਦੂਸ਼ਨ ਵੀ ਵਾਤਾਵਰਣ ਵਿਚ ਫੈਲਦਾ ਹੈ ਜਿਸ ਨਾਲ ਸਾਡੀ ਸਾਹ ਲੈਣ ਵਾਲੀ ਆਕਸੀਜਨ ਤੇ ਪੇੜ ਪੌਦਿਆਂ ਨੂੰ ਨੁਕਸਾਨ ਹੁੰਦਾ ਹੈ।

ਸਾਨੂੰ ਸਭ ਨੂੰ ਨੁਕਸਾਨ ਰਹਿਤ ਪ੍ਰਦੂਸ਼ਨ ਰਹਿਤ ਪੁਰਾਣੇ ਸਮੇਂ ਅਨੁਸਾਰ ਦੀਪਮਾਲਾ ਕਰਕੇ ਦੀਵਾਲੀ ਮਨਾਉਣੀ ਚਾਹੀਦੀ ਹੈ।

ਧੰਨਵਾਦ

ਸਾਹਿਬਦੀਪ ਸਿੰਘ ਗੁਲਸ਼ਨ

https://archive.org/details/namdhari

# ਦੀਵਾਲੀ ਦੇ ਚਾਅ ਵਰਗੇ ਹੁੰਦੇ ਸਨ, ਪੰਜਾਬ ਦੇ ਪੁਰਾਣੇ ਰਸਮੋ-ਰਿਵਾਜ਼...

ਪਰਿਵਰਤਨ ਜਾਂ ਬਦਲਾਅ ਪ੍ਰਕਿਰਤੀ ਦਾ ਨਿਯਮ ਹੈ। ਹਰੇਕ ਸ਼ੈਅ ਚਾਹੇ ਉਹ ਭੌਤਿਕ ਹੈ ਜਾਂ ਅਭੌਤਿਕ, ਪਰਿਵਰਤਨ ਦੇ ਪੜ੍ਹਾਅ ਵਿੱਚੋਂ ਇੱਕ ਦਿਨ ਜ਼ਰੂਰ ਨਿਕਲਦੀ ਹੈ। ਇਹਨਾਂ ਹੀ ਤਮਾਮ ਸ਼ੈਆਂ ਵਿੱਚੋਂ ਇੱਕ ਹੈ-ਸਾਡਾ ਸੱਭਿਆਚਾਰ ਜਾਂ ਸੰਸਕ੍ਰਿਤੀ। ਜਿਸ ਵਿੱਚ ਕਿ ਅੱਗੋਂ ਸਾਡੇ ਰਸਮ-ਰਿਵਾਜ਼ ਜਾਂ ਸਾਡੀਆਂ ਰਹੁ-ਰੀਤਾਂ ਸ਼ਾਮਲ ਹਨ। ਸਮੇਂ ਦੇ ਫੇਰ ਨਾਲ ਸਾਡੀਆਂ ਰਹੁ-ਰੀਤਾਂ ਵੀ ਬਦਲਦੀਆਂ ਆਈਆਂ ਹਨ। ਇੱਥੇ ਅਸੀਂ ਪੰਜਾਬ ਦੀਆਂ ਕੁੱਝ ਪੁਰਾਣੀਆਂ ਰਸਮਾਂ ਯਾਨਿ ਸਾਡੀਆਂ ਪੁਰਾਣੀਆਂ ਰਹੁ-ਰੀਤਾਂ ਦੀ ਗੱਲ ਕਰਾਂਗੇ, ਜੋ ਕਿ ਵਿਆਹ ਨਾਲ ਸੰਬੰਧਿਤ ਹਨ। ਪਹਿਲਾਂ ਅਸੀਂ ਗੱਲ ਕਰਦੇ ਹਾਂ ਕਿ ਇਹ ਰਹੁ-ਰੀਤਾਂ ਆਖਰ ਸ਼ੁਰੂ ਕਿਵੇਂ ਹੋਈਆਂ ਜਾਂ ਇਹਨਾਂ ਨੂੰ ਕਿਸ ਨੇ ਬਣਾਇਆ।

ਜੇਕਰ ਅਸੀਂ ਸ਼ੁਰੂਆਤ ਤੋਂ ਗੱਲ ਕਰੀਏ ਤਾਂ ਸਾਨੂੰ ਪਤਾ ਚੱਲਦਾ ਹੈ ਕਿ ਮੁੱਢਲਾ ਮਨੁੱਖ, ਦੈਵੀ ਸ਼ਕਤੀਆਂ ਤੋਂ ਬੜਾ ਖੌਫ਼ ਖਾਇਆ ਕਰਦਾ ਸੀ। ਉਸਨੂੰ ਹਮੇਸ਼ਾ ਤੋਂ ਹੀ ਆਪਣੀ ਸੁਰੱਖਿਆ ਦੀ ਚਿੰਤਾ ਲੱਗੀ ਰਹਿੰਦੀ ਸੀ, ਪਰ ਉਸ ਸਮੇਂ ਉਸ ਕੋਲ ਆਪਣੀ ਸੁਰੱਖਿਆ ਲਈ ਕੋਈ ਪੁਖ਼ਤਾ ਪ੍ਰਬੰਧ ਨਹੀਂ ਸੀ ਹੋਇਆ ਕਰਦਾ। ਉਹ ਮੀਂਹ, ਹਨ੍ਹੇਰੀ, ਝੱਖੜ, ਹੜ੍ਹ, ਸੋਕਾ, ਬੀਮਾਰੀ ਜਾਂ ਇੱਥੋਂ ਤੱਕ ਕਿ ਆਪਣੇ ਉੱਪਰ ਹੋਣ ਵਾਲੇ ਹਮਲੇ ਨੂੰ ਵੀ ਰੱਬ ਦੀ ਕਰੋਪੀ ਮੰਨਿਆ ਕਰਦਾ ਸੀ। ਇਸ ਤੋਂ ਬਚਾਅ ਲਈ ਫਿਰ ਉਸਨੇ ਇੱਕ ਸੌਖਾ ਤਰੀਕਾ ਲੱਭਿਆ। ਉਸਨੇ ਰੱਬ ਨੂੰ ਰਙਾਉਣਾ ਸ਼ੁਰੂ ਕਰ ਦਿੱਤਾ ਅਤੇ ਵੱਖੋ-ਵੱਖਰੇ ਢੰਗ-ਤਰੀਕਿਆਂ ਨੂੰ ਰਸਮਾਂ ਜਾਂ ਰੀਤਾਂ ਦਾ ਨਾਂ ਦਿੱਤਾ, ਜੋ ਕਿ ਉਸਦੇ ਜਨਮ ਤੇ ਮਰਨ ਦੋਵਾਂ ਨਾਲ ਸੰਬੰਧਿਤ ਸਨ, ਯਾਨਿ ਕਿ ਉਸਦੇ ਜੀਵਨ ਨਾਲ ਸੰਬੰਧਿਤ।

ਪਰ ਕਈ ਰਹੁ-ਰੀਤਾਂ ਐਸੀਆਂ ਵੀ ਹਨ ਜੋ ਭਾਵਾਂ ਨੂੰ ਪ੍ਰਗਟਾਉਣ ਖ਼ਾਤਰ ਹੀ ਸ਼ੁਰੂ ਕੀਤੀਆਂ ਗਈਆਂ। ਇਹ ਵਿਸ਼ੇਸ਼ ਤੌਰ ਤੇ ਜਨਮ, ਵਿਆਹ ਤੇ ਮਰਨ ਨਾਲ ਸੰਬੰਧਿਤ ਹਨ। ਇਹ ਮਨੁੱਖ ਵੱਲੋਂ ਉਸਦੀ ਖੁਸ਼ੀ ਜਾਂ ਗਮੀ ਦਾ ਪ੍ਰਗਟਾਵਾ ਕਰਨ ਦਾ ਇੱਕ ਯੋਗ

ਵਸੀਲਾ ਹਨ। ਆਓ, ਹੁਣ ਅਸੀਂ ਵਿਆਹ ਨਾਲ ਸੰਬੰਧਿਤ ਰਸਮਾਂ ਦੀ ਗੱਲ ਕਰਦੇ ਹਾਂ-

ਹਰੇ ਨਾਈ ਹਰੇ ਧੋਈ, ਹਰੇ ਠੰਡਾ ਪਾਣੀਆ

ਦੇਹ ਮਾਮਾ ਵਹਿੜ ਵੱਛੀ, ਤੇਰਾ ਪੁੰਨ ਕਰਕੇ ਜਾਣੀਏ।

ਅੱਗੇ ਤਾਂ ਦਿੰਦਾ ਸੈਂ ਅੱਜੀ- ਪੁੱਜੀ, ਹੁਣ ਦਿਤੜਾ ਦਾਨ ਪਛਾਣੀਏ।

★ ਰੋਕਣਾ/ਠਾਕਣਾ- ਵਿਆਹ ਦੀ ਪਹਿਲੀ ਰਸਮ ਰੋਕਣ ਜਾਂ ਠਾਕਣ ਦੀ ਮੰਨੀ ਜਾਂਦੀ ਹੈ। ਜਿਸ ਵਿੱਚ ਕਿ ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਈਆ ਭੇਜ ਦਿੰਦੇ ਸਨ। ਜਿਸਦਾ ਇਹ ਭਾਵ ਹੁੰਦਾ ਸੀ ਕਿ ਉਹਨਾਂ ਵੱਲੋਂ ਨਾਤਾ ਪੱਕਾ ਸਮਝਿਆ ਜਾਵੇ, ਫਿਰ ਭਾਵੇਂ ਕੁੜਮਾਈ ਜਾਂ ਮੰਗਣੀ ਕਦੀ ਵੀ ਕਰ ਲਈ ਜਾਵੇ।

★ ਮੰਗਣੀ/ਸਗਾਈ- ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ, ਰੁਪਈਆ, ਪੰਜ ਮਿਸਰੀ ਦੇ ਕੂਜੇ, ਪੰਜ ਛੁਹਾਰੇ ਤੇ ਤਿਲਕ ਕਰਨ ਲਈ ਕੇਸਰ ਆਦਿ ਮੁੰਡੇ ਦੇ ਘਰ ਭੇਜਦੇ ਸਨ। ਫਿਰ ਪੰਚਾਇਤ ਦੀ ਹਜ਼ੂਰੀ ਵਿੱਚ ਮੁੰਡੇ ਦਾ ਪਿਤਾ ਤੇ ਮੁੰਡੇ ਦਾ ਮਾਮਾ ਉਸਨੂੰ ਚੌਂਕੀ ਤੇ ਬਿਠਾ ਕੇ ਨਾਈ ਹੱਥੋਂ ਲਿਆਂਦਾ ਸ਼ਗਨ ਮੁੰਡੇ ਦੀ ਝੋਲੀ ਪਾ ਦਿੰਦੇ ਸਨ।
ਮੁੰਡੇ ਵਾਲੇ ਵੀ ਨਾਈ ਦੇ ਹੱਥ ਮੰਗੇਤਰ ਕੁੜੀ ਲਈ ਸੂਟ, ਜੁੱਤੀ, ਗਹਿਣਾ, ਪਰਾਂਦੀ, ਮਹਿੰਦੀ, ਮੌਲ਼ੀ, ਖੰਡ, ਚੌਲ ਆਦਿ ਘੱਲ ਦਿਆ ਕਰਦੇ ਸਨ। ਫਿਰ ਕੁੜੀ ਨੂੰ ਚੜ੍ਹਦੇ ਵੱਲ ਨੂੰ ਮੂੰਹ ਕਰਾ ਕੇ ਪੀੜ੍ਹੇ ਤੇ ਬਿਠਾਇਆ ਜਾਂਦਾ ਸੀ। ਇਸ ਵੇਲੇ ਪਿੰਡ ਦੀ ਨਾਇਣ ਮੁੰਡੇ ਵਾਲਿਆਂ ਵੱਲੋਂ ਭੇਜਿਆ ਸ਼ਗਨਾਂ ਦਾ ਸਮਾਨ ਉਸਦੀ ਝੋਲੀ ਪਾਉਂਦੀ ਸੀ।

★ ਸਾਹਾ ਕਢਾਉਣਾ- ਮੰਗਣੀ ਤੋਂ ਬਾਅਦ ਕਿਸੇ ਸ਼ੁੱਭ ਮਹੀਨੇ ਦਾ ਸਮਾਂ ਮਿੱਥ ਕੇ ਉਸ ਦਿਨ ਜਾਂ ਉਸ ਤਰੀਖ ਨੂੰ ਵਿਆਹ ਲਈ ਨਿਯਤ ਕਰ ਲਿਆ ਜਾਂਦਾ ਸੀ।

★ <u>ਸਾਹੇ ਚਿੱਠੀ/ਲਗਨ-</u> ਵਿਆਹ ਵਿੱਚ ਥੋੜ੍ਹੇ ਦਿਨ ਰਹਿ ਜਾਣ ਤੇ ਕੁੜੀ ਵਾਲੇ ਸਾਹੇ ਦੀ ਚਿੱਠੀ ਲਿਖਵਾਉਂਦੇ ਸਨ, ਜਿਸਨੂੰ ਕਿ ਨਾਈ ਜਾਂ ਪੰਡਤ ਜਾਂ ਫਿਰ ਵਿਚੋਲੇ ਦੇ ਹੱਥ ਮੁੰਡੇ ਵਾਲਿਆਂ ਨੂੰ ਭੇਜ ਦਿੱਤਾ ਜਾਂਦਾ ਸੀ। ਇਹ ਚਿੱਠੀ ਫਿਰ ਪੰਚਾਇਤ ਦੀ ਹਾਜ਼ਰੀ ਵਿੱਚ ਹੀ ਖੋਲ੍ਹੀ ਤੇ ਪੜ੍ਹੀ ਜਾਂਦੀ ਸੀ।

★ <u>ਸਾਹੇ ਲੱਤ ਬੰਨ੍ਹਣਾ/ਥੜ੍ਹੇ ਪਾਉਣਾ-</u> ਜਿਸ ਦਿਨ ਤੋਂ ਲਗਨ ਭੇਜਿਆ ਜਾਂਦਾ ਸੀ, ਕੁੜੀ ਤੇ ਮੁੰਡੇ ਦੋਵਾਂ ਦਾ ਹੀ ਬਾਹਰ ਨਿਕਲਣਾ ਮਨਾਂ ਕਰ ਦਿੱਤਾ ਜਾਂਦਾ ਸੀ। ਇਹ ਇਸ ਲਈ ਕੀਤਾ ਜਾਂਦਾ ਸੀ ਕਿ ਮੁੰਡੇ ਤੇ ਕੁੜੀ ਨੂੰ ਆਉਣ ਵਾਲੇ ਦਿਨਾਂ ਵਿੱਚ ਕਿਸੇ ਵੀ ਪ੍ਰਕਾਰ ਦੀ ਦੁਰਘਟਨਾ ਤੋਂ ਬਚਾਇਆ ਜਾ ਸਕੇ।

★ <u>ਸੱਤ ਸੁਹਾਗਣਾਂ-</u> ਵਿਆਹ ਵੇਲੇ ਸੱਤ ਸੁਹਾਗਣ ਇਸਤਰੀਆਂ ਨੂੰ ਇਕੱਠੀਆਂ ਕੀਤਾ ਜਾਂਦਾ ਸੀ, ਜੋ ਵਿਆਹ ਦੇ ਹਰੇਕ ਕੰਮ ਵਿੱਚ ਸ਼ਾਮਿਲ ਹੁੰਦੀਆਂ ਸਨ। ਉਸ ਸਮੇਂ ਜੇਕਰ ਇਹਨਾਂ ਵਿੱਚੋਂ ਇੱਕ ਵੀ ਇਸਤਰੀ ਘੱਟ ਹੁੰਦੀ ਤਾਂ ਕੋਈ ਵੀ ਰਸਮ ਸ਼ੁਰੂ ਨਹੀਂ ਸੀ ਕੀਤੀ ਜਾਂਦੀ।

★ <u>ਕੜਾਹੀ ਚੜ੍ਹਾਈ-</u> ਵਿਆਹ ਤੋਂ ਸੱਤ ਜਾਂ ਨੌਂ ਦਿਨ ਪਹਿਲਾਂ ਵਿਆਂਹਦੜ ਦੀ ਮਾਂ ਕੜਾਹੀ ਵਿੱਚ ਗੁਲਗੁਲੇ ਆਦਿ ਪਕਾਉਂਦੀ, ਜੋ ਉਹ ਆਪਣੇ ਪੇਕਿਆਂ ਨੂੰ ਲੈ ਕੇ ਜਾਂਦੀ। ਇਸ ਨਾਲ ਉਹ ਆਪਣੇ ਪੇਕਿਆਂ ਨੂੰ ਯਾਨਿ ਕਿ ਕੁੜੀ ਦੇ ਨਾਨਕਿਆਂ ਨੂੰ ਵਿਆਹ ਦਾ ਨਿਓਤਾ ਦੇ ਆਉਂਦੀ ਸੀ। ਫਿਰ ਨਾਨਕੇ ਵਾਲੇ ਵੀ ਆਪਣੇ ਹਿਸਾਬ ਨਾਲ 'ਨਾਨਕੀ ਛੱਕ' ਦੀ ਤਿਆਰੀ ਕਰਨ ਲੱਗ ਜਾਂਦੇ ਸਨ।

★ <u>ਵਟਣਾ/ਮਾਈਏ ਦੀ ਰਸਮ-</u> ਇੱਕ ਠੂਠੀ ਵਿੱਚ ਤੇਲ, ਪਾਣੀ ਤੇ ਹਲਦੀ ਰਲਾ ਕੇ ਵਟਣਾ ਤਿਆਰ ਕੀਤਾ ਜਾਂਦਾ, ਜਿਸਨੂੰ ਕਿ ਘਾਹ ਦੀ ਗੁੱਟੀ ਨਾਲ ਮੁੰਡੇ ਤੇ ਕੁੜੀ ਨੂੰ ਲਗਾਇਆ ਜਾਂਦਾ। ਇਹ ਵਟਣਾ ਵਿਆਹ ਦੇ ਦਿਨ ਤੱਕ ਏਦਾਂ ਹੀ ਲਗਾਇਆ ਜਾਂਦਾ ਸੀ, ਤਾਂ ਜੋ ਬੰਨੜਾ ਤੇ ਬੰਨੜੀ ਦਾ ਰੂਪ ਹੋਰ ਨਿਖਾਰਿਆ ਜਾ ਸਕੇ।

★ <u>ਨਾਨਕਾ ਮੇਲ-</u> ਵਿਆਹ ਵਾਲੇ ਦਿਨ ਤੋਂ ਪਹਿਲਾਂ ਕੁੜੀ ਦੇ ਨਾਨਕਿਆਂ ਵੱਲੋਂ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਕੁੱਝ ਸਮਾਨ ਆਦਿ ਲਿਆਂਦਾ ਜਾਂਦਾ ਸੀ ਜਿਵੇਂ ਕਿ ਪਲੰਘ, ਬਿਸਤਰਾ, ਬਰਤਨ, ਕੱਪੜੇ-ਲੀੜੇ ਤੇ ਗਹਿਣੇ ਆਦਿ।

ਨਾਨਕਾ ਮੇਲ ਵਿਆਹ ਵਿੱਚ ਸਭਤੋਂ ਅਹਿਮ ਹੁੰਦਾ ਸੀ, ਕਿਉਂਕਿ ਨਾਨਕੇ ਵਾਲੇ ਹੀ ਵਿਆਹ ਵਾਲੇ ਘਰ ਵਿੱਚ ਆ ਕੇ ਅਸਲ ਰੰਗ ਬੰਨ੍ਹਦੇ ਸਨ। ਗੀਤਾਂ ਤੇ ਬੋਲੀਆਂ ਦੇ ਨਾਲ-੨ ਗਿੱਧਾ ਪਾਉਂਦਿਆਂ ਤਾਂ ਸਾਰੀ ਰਾਤ ਨਹੀਂ ਸੀ ਮੁੱਕਦੀ।

★ ਸਿਹਰਾ ਬੰਨ੍ਹਾਈ- ਇੱਧਰ ਮੁੰਡੇ ਵਾਲੇ ਵੀ ਮੁੰਡੇ ਨੂੰ ਸਿਹਰਾ ਬੰਨ੍ਹ ਦਿੰਦੇ ਸਨ ਤੇ ਨਾਲ ਹੀ ਇੱਕ ਸਰਬਾਲ੍ਹਾ ਵੀ ਤਿਆਰ ਕਰ ਲਿਆ ਜਾਂਦਾ ਸੀ।

★ ਸੁਰਮਾ ਪੁਆਈ- ਮੁੰਡੇ ਦੀ ਭਰਜਾਈ, ਮੁੰਡੇ ਦੇ ਘੋੜੀ ਚੜਨ ਤੋਂ ਪਹਿਲਾਂ ਉਸਦੀ ਸੁਰਮਾ ਪੁਆਈ ਕਰਦੀ ਸੀ।

★ ਘੋੜੀ ਦੀ ਰਸਮ- ਜੰਞ ਦੀ ਤਿਆਰੀ ਕਰਨ ਪਿੱਛੋਂ ਮੁੰਡਾ ਘੋੜੀ ਚੜ੍ਹਦਾ ਹੈ।

★ ਵਾਗ ਫੜ੍ਹਾਈ- ਇਸ ਰਸਮ ਵਿੱਚ ਮੁੰਡੇ ਦੀ ਭੈਣ ਉਸਦੀ ਘੋੜੀ ਦੀ ਵਾਗ ਫੜ੍ਹਦੀ ਸੀ।

★ ਮਿਲਨੀ- ਜੰਞ ਢੁੱਕਣ ਤੇ ਮਿਲਨੀ ਹੁੰਦੀ ਸੀ ਤੇ ਜੰਞ ਨੂੰ 'ਜੰਞ-ਵਾਸ' ਵਿੱਚ ਭੇਜ ਦਿੱਤਾ ਜਾਂਦਾ ਸੀ, ਜਿੱਥੇ ਕਿ ਮੁੰਡੇ ਤੇ ਉਸਦੇ ਨਾਲ ਆਏ ਸਾਰੇ ਬਰਾਤੀਆਂ ਦੀ ਰਾਤ ਦੀ ਰੋਟੀ ਦਾ ਪ੍ਰਬੰਧ ਕੀਤਾ ਗਿਆ ਹੁੰਦਾ ਸੀ।

★ ਫੇਰੇ- ਇਹ ਵਿਆਹ ਦੀ ਸਭਤੋਂ ਮਹੱਤਵਪੂਰਨ ਰਸਮ ਹੈ। ਜਿਸ ਵਿੱਚ ਕਿ ਮੁੰਡੇ ਤੇ ਕੁੜੀ ਵੱਲੋਂ ਲਾਵਾਂ ਦੇ ਪਾਠ ਵੇਲੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪਰਿਕਰਮਾ ਕਰਦਿਆਂ ਚਾਰ ਲਾਵਾਂ ਲਈਆਂ ਜਾਂਦੀਆਂ ਹਨ। ਇਸਨੂੰ ਅਸੀਂ ਆਨੰਦ-ਕਾਰਜ ਕਹਿੰਦੇ ਹਾਂ।

★ ਵਰੀ- ਵਿਆਹ ਮਗਰੋਂ ਮੁੰਡੇ ਵਾਲਿਆਂ ਤੋਂ ਆਈ ਵਰੀ ਸਾਰੇ ਪ੍ਰਾਹੁਣਿਆਂ ਨੂੰ ਦਿਖਾਈ ਜਾਂਦੀ ਹੈ, ਜਿਸ ਵਿੱਚ ਉਹਨਾਂ ਵੱਲੋਂ ਕੁੜੀ ਨੂੰ ਦਿੱਤਾ ਗਿਆ ਸਮਾਨ ਜਿਵੇਂ ਕਿ ਸੂਟ, ਗਹਿਣੇ, ਸਾਜ-ਸੱਜਾ ਦਾ ਸਮਾਨ ਆਦਿ ਸ਼ਾਮਲ ਹੁੰਦੇ ਹਨ।

★ ਦਾਜ/ਖੱਟ- ਕੁੜੀ ਵਾਲਿਆਂ ਵੱਲੋਂ ਵੀ ਮੁੰਡੇ ਨੂੰ ਦਿੱਤਾ ਗਿਆ ਸਮਾਨ ਸਾਰਿਆਂ ਨੂੰ ਵਿਖਾਇਆ ਜਾਂਦਾ ਹੈ। ਦਾਜ ਆਦਿ ਵੇਖਣ ਪਿੱਛੋਂ ਬਰਾਤ ਚਲੀ ਜਾਂਦੀ ਹੈ, ਪਰ ਮੁੰਡਾ ਤੇ ਉਸਦਾ ਸਰਬਾਲ੍ਹਾ ਬੈਠੇ ਰਹਿੰਦੇ ਹਨ। ਇਸ ਵੇਲੇ ਕੁੜੀ ਵਾਲਿਆਂ

ਵੱਲੋਂ ਕੁੱਝ ਔਰਤਾਂ ਤੇ ਕੁੜੀਆਂ ਮੁੰਡੇ ਨੂੰ ਟਿੱਚਰਾਂ ਕਰਦੀਆਂ ਹਨ। ਇੱਕ-ਦੂਜੇ ਨਾਲ ਮਜ਼ਾਕ ਕਰਨ ਕਰਕੇ ਮਾਹੌਲ ਵੀ ਹਾਸਿਆਂ ਭਰਿਆ ਹੋ ਜਾਂਦਾ ਹੈ।

ਕੁੜੀ ਦੇ ਸਹੁਰੇ ਘਰ ਪੁੱਜਣ ਤੇ ਕੁੱਝ ਹੋਰ ਰਸਮਾਂ ਵੀ ਹੁੰਦੀਆਂ ਹਨ, ਜਿਵੇਂ ਕਿ ਸੱਸ ਆਪਣੇ ਨੂੰਹ-ਪੁੱਤ ਦੇ ਘਰ ਆਉਣ ਤੇ ਪਾਣੀ ਨਾਲ ਵਾਰਨੇ ਵਾਰਦੀ ਹੈ। ਇਸਤੋਂ ਇਲਾਵਾ ਮੂੰਹ ਦਿਖਾਈ, ਛਟੀਆਂ, ਕੰਙਣਾ ਖੇਡਣਾ ਤੇ ਪੇਟੀ ਖੁਲਾਈ ਆਦਿ।

ਇਸ ਤਰ੍ਹਾਂ ਇਹਨਾਂ ਰਸਮਾਂ ਵਿੱਚ ਮੁੰਡੇ ਤੇ ਕੁੜੀ ਤੋਂ ਇਲਾਵਾ ਉਹਨਾਂ ਦੇ ਪਰਿਵਾਰ ਵਾਲੇ, ਗੁਆਂਢ ਵਾਲੇ ਤੇ ਸ਼ਰੀਕੇ ਵਾਲੇ ਸ਼ਾਮਲ ਹੁੰਦੇ ਸਨ। ਇਸ ਦੇ ਨਾਲ ਹੀ ਵਿਆਹ ਦੀ ਜਿੰਮੇਵਾਰੀ ਨੂੰ ਸਭ ਦੀ ਸਾਂਝੀ ਜਿੰਮੇਵਾਰੀ ਸਮਝਦੇ ਹੋਏ, ਇਸ ਕੰਮ ਵਿੱਚ ਪਿੰਡ ਵਾਲੇ ਵੀ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਇਆ ਕਰਦੇ ਸਨ। ਜਿਸ ਨਾਲ ਕਿ ਸਾਰਿਆਂ ਨੂੰ ਸਜੀਵ ਰੂਪ ਵਿੱਚ ਵਿਚਰਨ ਦਾ ਮੌਕਾ ਮਿਲਦਾ ਸੀ। ਲੋਕਾਂ ਵਿੱਚ ਭਾਈਚਾਰਕ ਸਾਂਝ ਸੀ ਤੇ ਆਪਸੀ ਰਿਸ਼ਤੇ ਕਾਫੀ ਨਿੱਘੇ ਹੋਇਆ ਕਰਦੇ ਸਨ।

ਪੰਜਾਬੀ ਲੋਕ-ਗੀਤਾਂ ਵਿੱਚ ਭਾਈਚਾਰਕ ਸਾਂਝ-

ਵੇ ਪਿੱਪਲਾ ਤੂੰ ਆਪ ਵੱਡਾ ਪਰਿਵਾਰ ਵੱਡਾ

ਪੱਤਿਆਂ ਨੇ ਛਹਿਬਰ ਲਾਈ

ਵੇ ਡਾਹਣਿਆਂ ਤੋਂ ਬਾਝ ਤੈਨੂੰ ਸਰਦਾ ਨਾਹੀਂ।

ਪੱਤਿਆਂ ਨੇ ਛਹਿਬਰ ਲਾਈ।

ਜੇ ਬਾਬਲ ਤੂੰ ਆਪ ਵੱਡਾ ਪਰਿਵਾਰ ਵੱਡਾ

ਭਾਈਆਂ ਤੋਂ ਬਾਝ ਤੈਨੂੰ ਸਰਦਾ ਨਾਹੀਂ

ਜੇ ਬਾਬਲ  ਤੂੰ ਆਪ ਵੱਡਾ ਪਰਿਵਾਰ ਵੱਡਾ

ਚਾਚਿਆਂ ਤੋਂ ਬਾਝ ਤੈਨੂੰ ਸਰਦਾ ਨਾਹੀਂ

ਜੇ ਬਾਬਲ  ਤੂੰ ਆਪ ਵੱਡਾ ਪਰਿਵਾਰ ਵੱਡਾ

ਲਾਗੀਆਂ ਤੋਂ ਬਾਝ ਤੈਨੂੰ ਸਰਦਾ ਨਾਹੀਂ

ਜੇ ਪਿੱਪਲਾ ਤੂੰ ਆਪ ਵੱਡਾ ਪਰਿਵਾਰ ਵੱਡਾ

ਪੱਤਿਆਂ ਨੇ ਛਹਿਬਰ ਲਾਈ।

★ ਪਰਿਵਰਤਨ ਕੀ- ਪਰਿਵਰਤਨ ਇਹ ਕਿ ਅਜੋਕੇ ਸਮੇਂ ਸਾਨੂੰ ਇਹ ਰਹੁ-ਰੀਤਾਂ ਬਹੁਤ ਹੀ ਘੱਟ ਵੇਖਣ ਨੂੰ ਮਿਲਦੀਆਂ ਹਨ। ਇਹਨਾਂ ਵਿੱਚੋਂ ਬਹੁਤੀਆਂ ਰਸਮਾਂ ਦਾ ਰੂਪ ਜਾਂ ਤਾਂ ਹੁਣ ਬਦਲ ਗਿਆ ਹੈ ਜਾਂ ਇਹ ਆਪ ਹੀ ਅਲੋਪ ਹੋਣ ਦੀ ਕਗਾਰ ਤੱਕ ਅੱਪੜ ਆਈਆਂ ਹਨ।

ਉਦਾਹਰਨ ਲਈ-

★ ਪਹਿਲਾਂ ਵਿਆਹ ਵਾਲੇ ਘਰ ਅਕਸਰ ਸਾਨੂੰ ਲੋਕ-ਗੀਤ ਸੁਣਨ ਨੂੰ ਮਿਲ ਜਾਂਦੇ ਸਨ, ਪਰ ਹੁਣ ਸਮੇਂ ਦੇ ਬਦਲਾਵ ਨਾਲ ਇਹਨਾਂ ਦੀ ਥਾਂ ਮਹਿੰਗੇ ਡੀਜੇ ਸਿਸਟਮਾਂ ਨੇ ਲੈ ਲਈ ਹੈ। ਵਿਆਹ ਦੀਆਂ ਵੱਖ-੨ ਰਸਮਾਂ ਵਿੱਚ ਸਿੱਠਣੀਆਂ, ਬੋਲੀਆਂ, ਸੁਹਾਗ, ਟੱਪੇ ਤੇ ਘੋੜੀਆਂ ਗਾਈਆਂ ਜਾਂਦੀਆਂ ਸਨ, ਪਰ ਹੁਣ ਵਿਆਹ ਵੇਲੇ ਸ਼ੁਰੂਆਤ ਤੋਂ ਅੰਤ ਤੱਕ ਸਿਰਫ ਡੀਜੇ ਹੀ ਚੱਲਦੇ ਹਨ।

★ ਪਹਿਲਾਂ ਦੇ ਦਿਨਾਂ ਵਿੱਚ ਵਿਆਹ ਦੀਆਂ ਤਿਆਰੀਆਂ ਕਰਦੇ ਹੀ ਕਿੰਨੇ-੨ ਦਿਨ ਲੰਘ ਜਾਇਆ ਕਰਦੇ ਸਨ। ਜਿਸ ਵਿੱਚ ਸਾਰੇ ਕੰਮ ਇੱਕ-ਦੂਜੇ ਦੇ ਮੇਲ-ਮਿਲਾਪ ਨਾਲ ਹੀ ਕੀਤੇ ਜਾਂਦੇ ਸਨ, ਪਰ ਹੁਣ ਤਾਂ ਹਿਸਾਬ 'ਝੱਟ ਮੰਗਣੀ, ਪੱਟ ਵਿਆਹ' ਵਾਲਾ ਹੋਇਆ ਪਿਆ ਹੈ।

★ ਲੋਕਾਂ ਵਿੱਚ ਹੁਣ ਉਹ ਭਾਈਚਾਰਕ ਸਾਂਝ ਵੀ ਵੇਖਣ ਨੂੰ ਨਹੀਂ ਮਿਲਦੀ, ਜੋ ਅੱਜ ਤੋਂ ਕੁੱਝ ਦਹਾਕੇ ਪਹਿਲਾਂ ਹੋਇਆ ਕਰਦੀ ਸੀ। ਜਦ ਸਾਰੇ ਪਿੰਡ ਨੂੰ ਆਪਣਾ ਪਰਿਵਾਰ ਸਮਝਿਆ ਜਾਂਦਾ ਸੀ। ਲੋਕ ਵਿਆਹ ਵਰਗੇ ਕੰਮਾਂ ਵਿੱਚ ਇੱਕ-ਦੂਜੇ ਦੀ ਆਰਥਿਕ ਮਦਦ ਵੀ ਕਰ ਦਿਆ ਕਰਦੇ ਸਨ। ਹੁਣ ਲੋਕ ਸਭ ਇੰਤਜ਼ਾਮ ਆਪ ਹੀ ਕਰ ਲੈਂਦੇ ਹਨ। ਹੁਣ ਅਸਲ 'ਚ ਵਿਆਹ ਦਾ ਬੰਦੋਬਸਤ ਨਹੀਂ, ਦਿਖਾਵਾ ਹੁੰਦਾ ਹੈ। ਲੋਕ ਆਉਂਦੇ ਹਨ, ਖਾਂਦੇ-ਪੀਂਦੇ ਹਨ ਤੇ ਸ਼ਗਨ ਪਾ ਘਰਾਂ ਨੂੰ ਮੁੜ ਜਾਂਦੇ ਹਨ। ਮਹਿਮਾਨ ਆਪਣਾ ਕੰਮ ਸਿਰਫ਼ ਹਾਜ਼ਰੀ ਲਵਾਉਣ ਤੱਕ ਹੀ ਸੀਮਤ ਰੱਖਦੇ ਹਨ।

★ ਪਹਿਲਾਂ ਵਿਆਹ ਵਰਗੇ ਕੰਮਾਂ ਨੂੰ ਸਾਂਝਾ ਮੰਨਿਆ ਜਾਂਦਾ ਸੀ। ਲੋਕ ਇੱਕ-ਦੂਜੇ ਦੀ ਮਦਦ ਕਰਦੇ ਸਨ। ਪਰ ਹੁਣ ਲੋਕਾਂ ਵਿੱਚ ਨਾਲ ਚੱਲਣ ਦੀ ਨਹੀਂ, ਬਲਕਿ ਇੱਕ-ਦੂਜੇ ਤੋਂ ਅੱਗੇ ਵੱਧਣ ਦੀ ਹੋੜ ਮਚੀ ਪਈ ਹੈ। ਲੋਕ ਇੱਕ-ਦੂਜੇ ਤੋਂ ਵੱਧ ਕੇ ਕਰਨਾ ਚਾਹੁੰਦੇ ਹਨ। ਵਧੀਆ ਦੀ ਆੜ ਵਿੱਚ ਮਹਿੰਗੇ ਹੋਟਲਾਂ ਤੇ ਮੈਰਿਜ ਪੈਲੇਸਾਂ ਦਾ ਬੋਲਬਾਲਾ ਵਧਿਆ ਹੈ।

★ ਲੋਕ ਪਹਿਲਾਂ ਸਾਂਝੇ ਪਰਿਵਾਰਾਂ ਵਿੱਚ ਰਹਿੰਦੇ ਸਨ। ਪਰਿਵਾਰਾਂ ਵਿੱਚ ਪਿਆਰ-ਮੋਹੱਬਤ ਸੀ। ਹੁਣ ਸ਼ਹਿਰੀਕਰਨ, ਉਦਯੋਗੀਕਰਨ ਤੇ ਵਪਾਰੀਕਰਨ ਕਾਰਨ ਛੋਟੇ ਪਰਿਵਾਰਾਂ ਦੀ ਭਰਮਾਰ ਹੋਣ ਲੱਗੀ ਹੈ। ਪਰ ਇਸ ਸਭ ਨਾਲ ਸਾਡੀ ਨਵੀਂ ਪੀੜ੍ਹੀ ਤੇ ਵੀ ਇਸਦਾ ਪ੍ਰਭਾਵ ਸਾਫ ਵੇਖਣ ਨੂੰ ਮਿਲ ਰਿਹਾ ਹੈ। ਨਵੀਂ ਪੀੜ੍ਹੀ ਜੋ ਕਿ ਵਧੇਰੇ ਨਿਊਕਲੀਅਰ ਫੈਮਿਲ਼ੀ ਜਾਂ ਛੋਟੇ ਪਰਿਵਾਰਾਂ ਵਿੱਚ ਪਲੀ ਹੋਈ ਹੈ, ਆਪਣੀ ਵਿਰਾਸਤ ਦੇ ਬਹੁਤ ਸਾਰੇ ਪੱਖਾਂ ਤੋਂ ਅੱਜ ਵੀ ਅਨਜਾਣ ਹੈ। ਘਰਾਂ ਵਿੱਚ ਬਜ਼ੁਰਗਾਂ ਦੀ ਅਣਹੋਂਦ ਹੈ ਤੇ ਮਾਂ-ਪਿਓ ਕੋਲ ਬੱਚਿਆਂ ਲਈ ਸਮਾਂ ਨਹੀਂ। ਇਸ ਸਭ ਦੇ ਚੱਲਦੇ ਉਹ ਇਹਨਾਂ ਰਸਮਾਂ ਤੋਂ ਜਾਣੂ ਹੋਣ ਵੀ ਤਾਂ ਕਿਵੇਂ ਹੋਣ।

★ ਅੱਜ ਇਹ ਸਮਾਂ ਆ ਗਿਆ ਹੈ ਕਿ ਨੇੜ੍ਹੇ ਦੇ ਰਿਸ਼ਤੇ ਵੀ ਦੂਰ ਦੇ ਰਿਸ਼ਤੇ ਬਣਦੇ ਜਾ ਰਹੇ ਹਨ। ਲੋਕ ਆਪ ਹੀ ਆਪਣੇ, ਆਪਣਿਆਂ ਤੋਂ ਦੂਰ ਹੋਏ ਬੈਠੇ ਹਨ।

ਵਿਦੇਸ਼ਾਂ ਵੱਲ ਵੱਧਦੇ ਰੁਝਾਨ ਨੇ ਪੁੱਤਾਂ-ਧੀਆਂ ਨੂੰ ਆਪਣੇ ਹੀ ਪਰਿਵਾਰ ਤੋਂ ਦੂਰ ਕਰ ਦਿੱਤਾ ਹੈ।

- ★ ਸਭਤੋਂ ਮੰਦਭਾਗਾ ਤਾਂ ਇਹ ਹੈ ਕਿ ਜਿਹੜੇ ਰਸਮ-ਰਿਵਾਜ਼ ਲੋਕਾਂ ਵਿੱਚ ਮੇਲ-ਜੋਲ ਵਧਾਇਆ ਕਰਦੇ ਸੀ, ਅੱਜ ਉਹਨਾਂ ਨੂੰ ਅਸੀਂ ਭੁੱਲਦੇ ਜਾ ਰਹੇ ਹਾਂ। ਰਿਸ਼ਤਿਆਂ ਵਿੱਚ ਨਿੱਘ ਇਸ ਕਦਰ ਘਟਿਆ ਹੈ ਕਿ ਹੁਣ ਕਿਰਾਏ ਦੇ ਰਿਸ਼ਤੇ ਵੀ ਆਮ ਮਿਲ ਜਾਂਦੇ ਹਨ। ਜਿਵੇਂ ਕਿ ਅੱਜਕਲ੍ਹ ਪ੍ਰੀ-ਵੈਡਿੰਗ ਦੇ ਵੱਧਦੇ ਚਲਨ ਵਿੱਚ ਸ਼ੂਟ ਲਈ ਲਿਆਂਦੇ ਗਏ ਕਿਰਾਏ ਦੇ ਮਾਮੇ, ਚਾਚੇ ਤੇ ਫੁੱਫੜ ਆਦਿ।
- ★ ਲੋੜ ਕਿਸ ਗੱਲ ਦੀ- ਅੱਜ ਲੋੜ ਹੈ ਸਾਨੂੰ ਸੁਚੇਤ ਹੋਣ ਦੀ ਤੇ ਸੁਚੇਤ ਕਰਨ ਦੀ। ਕਿਉਂਜੋ ਇਹ ਰਸਮਾਂ ਸਾਡੀ ਵਿਰਾਸਤ ਦਾ ਇੱਕ ਅੰਗ ਹਨ ਤੇ ਇਹ ਸਾਡਾ ਫਰਜ਼ ਹੈ ਕਿ ਅਸੀਂ ਇਸ ਵਿਰਾਸਤ ਨੂੰ ਆਪਣੇ ਤੋਂ ਅੱਗੇ ਯਾਨਿ ਕਿ ਆਪਣੀ ਅਗਲੀ ਪੀੜ੍ਹੀ ਨੂੰ ਦੇਈਏ। ਸੰਸਕ੍ਰਿਤੀ ਜਾਂ ਸੱਭਿਆਚਾਰ ਸਾਡਾ ਸਿੱਖਿਆ ਹੋਇਆ ਵਿਵਹਾਰ ਹੈ। ਜਿਸ ਵਿੱਚ ਸਾਡੀਆਂ ਇਹ ਪੁਰਾਤਨ ਰਹੁ-ਰੀਤਾਂ ਵੀ ਸ਼ਾਮਿਲ ਹਨ। ਸਾਡੀ ਸੰਸਕ੍ਰਿਤੀ ਬਹੁਤ ਅਮੀਰ ਹੈ, ਇਸ ਲਈ ਅਸੀਂ ਵੀ ਅਮੀਰ ਹਾਂ। ਹੁਣ ਇਹ ਸਾਡੇ ਤੇ ਹੈ ਕਿ ਅਸੀਂ ਇਸ ਅਮੀਰੀ ਨੂੰ ਆਪਣੇ ਪੂਰਵਜਾਂ ਤੱਕ ਹੀ ਸੀਮਤ ਰੱਖਣਾ ਚਾਹੁੰਦੇ ਹਾਂ ਜਾਂ ਇਸਨੂੰ ਆਪਣੀ ਅਗਲੀ ਪੀੜ੍ਹੀ ਨੂੰ ਸੌਂਪਣਾ ਚਾਹੁੰਦੇ ਹਾਂ।

ਰਸਮਾਂ-ਰਿਵਾਜਾਂ ਦਾ ਅਰਥ ਉਹਨਾਂ ਨੂੰ ਚਾਅ ਨਾਲ ਮਨਾਉਣ ਵਿੱਚ ਹੀ ਹੈ। ਇਸ ਲਈ ਸਾਨੂੰ ਇਹਨਾਂ ਰਸਮਾਂ-ਰਿਵਾਜਾਂ ਨੂੰ ਵਿਸਾਰਨਾ ਨਹੀਂ ਚਾਹੀਦਾ। ਇਹ ਸਾਨੂੰ ਖੁਸ਼ੀ ਮਾਨਣ ਦਾ ਵੀ ਤੇ ਖੁਸ਼ੀ ਮਨਾਉਣ ਦਾ ਵੀ ਮੌਕਾ ਦਿੰਦੇ ਹਨ। ਲੋੜ ਬੱਸ ਇਹਨਾਂ ਨੂੰ ਅਪਨਾਉਣ ਦੀ ਹੈ।

ਧੰਨਵਾਦ ਜੀ

ਲੇਖਕ- ਸਿਮਰਨ 'ਲੁਧਿਆਣਵੀ'

# ਦਿਵਾਲੀ ਕਿਵੇਂ ਮਨਾਈਏ

ਬੁੱਢੀ ਮਾਈ ਪਟਾਕਿਆਂ ਦੇ,
ਪ੍ਰਦੂਸ਼ਣ ਨਾਲ ਮਰ ਰਹੀ ਏ,
ਫਿਰ ਵੀ ਜਵਾਨੀ ਪਟਾਕੇ ਸਾੜਨ ਵਿੱਚ,
ਕਿਉਂ ਹਾਮੀ ਭਰ ਰਹੀ ਏ ,
ਕਿਉਂ ਨਾ, ਐਤਕੀਂ ਪਟਾਕਿਆਂ ਦੀ ਥਾਂ,
ਅਸੀਂ ਆਕੜ ਜਲਾਈਏ,
ਪਟਾਕਿਆਂ ਵਾਲੇ ਪੈਸਿਆਂ ਨਾਲ,
ਰੋਟੀ ਗਰੀਬਾਂ ਨੂੰ ਖਵਾਈਏ।

ਕਿਉਂ ਕਰਦੇ ਆ ਪ੍ਰਦੂਸ਼ਣ ਅਸੀਂ,
ਮਨਾ ਸਕਦੇ ਦੀਵਾਲੀ ਬਸ ਦੀਵੇ ਬਾਲ ਕੇ,
ਬਚਾ ਸਕਦੇ ਹਾਂ ਇਸ ਧਰਤੀ ਨੂੰ,
ਸਮੇਂ ਸਿਰ ਮੌਕਾ ਸੰਭਾਲ ਕੇ,
ਕਿਉਂ ਨਾ, ਐਤਕੀਂ ਦਿਲ ਆਪਣੇ ਅੰਦਰ,
ਘਰ ਇਨਸਾਨੀਅਤ ਦਾ ਬਣਾਈਏ ,
ਪਟਾਕਿਆਂ ਦੀ ਥਾਂ ਆਕੜ ਜਲਾਈਏ,
ਪਟਾਕਿਆਂ ਵਾਲੇ ਪੈਸਿਆਂ ਨਾਲ,

ਰੋਟੀ ਗਰੀਬਾਂ ਨੂੰ ਖਵਾਈਏ।

ਸਿਰ ਤੇ ਟੋਕਰਾ ਹੈ ਗੋਹੇ ਦਾ,
ਅਰਮਾਨ ਨੇ ਫੌਜ 'ਚ ਭਰਤੀ ਹੋਣ ਦੇ,
ਬਸ ਗਰੀਬੀ ਹੀ ਮਾਰ ਜਾਂਦੀ,
ਅਰਮਾਨ ਤੇ ਸਰਵਣ ਪੁੱਤ ਕਹਾਉਣ ਦੇ,
ਕਿਉਂ ਨਾ, ਐਤਕੀਂ ਦੋ ਪਲ ਦੀ ਖੁਸ਼ੀ ਤਿਆਗ,
ਕਿਸੇ ਦਾ ਜੀਵਨ ਰੁਸ਼ਨਾਈਏ ,
ਪਟਾਕਿਆਂ ਦੀ ਥਾਂ ਆਕੜ ਜਲਾਈਏ ,
ਪਟਾਕਿਆਂ ਵਾਲੇ ਪੈਸਿਆਂ ਨਾਲ,
ਰੋਟੀ ਗਰੀਬਾਂ ਨੂੰ ਖਵਾਈਏ।

ਦੀਵਾਲੀ ਦਾ ਮਤਲਬ ਸਮਝੋ,
ਬੁਰਾਈ ਤੇ ਚੰਗਿਆਈ ਦੀ ਜਿੱਤ ਐ,
ਇਸ ਵਗਦੀ ਹਵਾ ਨੂੰ ਸਾਫ ਰੱਖੀਏ,
ਇਹੀ ਅਪਣੀ ਅਸਲੀ ਮਿੱਤ ਐ,
ਕਿਉਂ ਨਾ ਐਤਕੀਂ ਹੰਕਾਰ ਨੂੰ ਥੁੱਕ "ਕਮਲੋ",
ਦੀਵਾਲੀ ਗਰੀਬਾਂ ਨਾਲ ਮਨਾਈਏ,

ਪਟਾਕਿਆਂ ਦੀ ਥਾਂ ਆਕੜ ਜਲਾਈਏ,

ਪਟਾਕਿਆਂ ਵਾਲੇ ਪੈਸਿਆਂ ਨਾਲ

ਰੋਟੀ ਗਰੀਬਾਂ ਨੂੰ ਖਵਾਈਏ।



..................ਕੋਮਲਪ੍ਰੀਤ ਕੌਰ

# ਦੀਵਾਲੀ

ਵੀਰ ਕੌਰ ਤੜਕੇ ਉੱਠੀ ਤੇ ਨਹਾ-ਧੋ ਟੀ.ਵੀ ਲਾ ਲਿਆ। ਟੀ.ਵੀ ਤੇ ਗੁਰਬਾਣੀ ਚੱਲ ਰਹੀ ਸੀ। ਉਹ ਆਪ ਵੀ ਚੌਕੜੀ ਮਾਰ ਬੈਠ ਗਈ ਤੇ ਪਾਠ ਕਰਨ ਲੱਗੀ। ਅੰਮ੍ਰਿਤ ਛਕਿਆ ਹੋਇਆ ਸੀ, ਇਸ ਲਈ ਨਿਤਨੇਮੀ ਸੀ। ਟੀ.ਵੀ ਤੇ ਗੁਰਬਾਣੀ ਦੀ ਆਵਾਜ਼ ਨਾਲ ਵੀਰ ਕੌਰ ਦੀ ਨੂੰਹ ਵੀ ਜਾਗ ਪਈ। ਉਸ ਨੂੰ ਮੂੰਹ-ਹੱਥ ਧੋਤਾ ਤੇ ਚਾੜੂ-ਪੋਚਾ ਕਰਨ ਲੱਗ ਪਈ। ਵੀਰ ਕੌਰ ਕਰ ਤਾਂ ਪਾਠ ਰਹੀ ਸੀ ਪਰ ਉਸਦਾ ਵਧੇਰੇ ਧਿਆਨ ਆਪਣੀ ਨੂੰਹ ਦੇ ਕੰਮ ਵਿੱਚ ਸੀ। ਦਰਅਸਲ ਉਸ ਨੂੰ ਹਮੇਸ਼ਾ ਹੀ ਆਪਣੀ ਨੂੰਹ ਦੇ ਕੀਤੇ ਕੰਮਾਂ ਵਿੱਚ ਕਮੀ ਦਿਖਦੀ ਸੀ। ਨੂੰਹ ਪਰਵਾਹ ਨਹੀਂ ਸੀ ਕਰਦੀ ਕਿਉਂਕਿ ਉਸਨੇ ਆਪਣੀ ਸੱਸ ਦਾ ਭੇਤ ਪਾ ਲਿਆ ਸੀ ਹੁਣ। ਉਹ ਆਪਣਾ ਕੰਮ ਆਪਣੇ ਹਿਸਾਬ ਨਾਲ ਨਿਬੇੜ ਦਿੰਦੀ। ਖੈਰ ਏਦਾਂ ਦੀ ਨੋਕਤਾਨੀਆਂ ਆਮ ਹੀ ਬਹੁਤੇ ਘਰਾਂ ਵਿੱਚ ਚੱਲਦੀਆਂ ਰਹਿੰਦੀਆਂ ਨੇ। ਨੂੰਹ ਸੱਸ ਵਿੱਚ ਇਹ ਹੋਣਾ ਆਮ ਗੱਲ ਏ। ਨੂੰਹ ਨੇ ਸਫਾਈਆਂ ਕਰ ਆਪਣੇ ਨਿਆਣਿਆਂ ਤੇ ਘਰ ਵਾਲੇ ਨੂੰ ਉਠਾਇਆ। ਦੋ ਬੱਚੇ ਸੀ ਉਸਦੇ, ਇੱਕ ਮੁੰਡਾ ਤੇ ਇੱਕ ਕੁੜੀ। ਘਰਵਾਲਾ ਉੱਠਿਆ ਤੇ ਮੂੰਹ ਤੇ ਪਾਣੀ ਮਾਰ ਡੱਬਾ ਫੜ ਦੁੱਧ ਲੈਣ ਤੁਰ ਪਿਆ। ਨੂੰਹ ਦਾ ਨਾਂ ਮਨਜੀਤ ਸੀ। ਉਸਨੇ ਨਿਆਣਿਆਂ ਨੂੰ ਨਵਾਇਆ ਤੇ ਨਵੇਂ ਲੀੜੇ ਪਵਾ ਦਿੱਤੇ। ਫਿਰ ਆਪ ਵੀ ਥੋੜਾ ਬਹੁਤ ਕੰਮ ਮੁਕਾ ਨਹਾ-ਧੋ ਤਿਆਰ ਹੋ ਗਈ। ਏਨੇ ਨੂੰ ਉਸਦਾ ਘਰਵਾਲਾ ਵੀ ਆ ਗਿਆ। ਅੱਜ ਦਿਵਾਲੀ ਦਾ ਦਿਨ ਹੋਣ ਕਾਰਨ ਬਜ਼ਾਰ ਵਿੱਚ ਸਵਖਤੇ ਹੀ ਕਾਫੀ ਰਸ਼ ਸੀ। ਜਿਸ ਕਾਰਨ ਹਰਜਿੰਦਰ ਨੂੰ ਦੇਰੀ ਹੋ ਗਈ।

ਮਨਜੀਤ ਸਵੇਰ ਦੀ ਚਾਹ ਨਾਲ ਨਾਸ਼ਤਾ ਬਣਾਉਣ ਲੱਗ ਪਈ ਤੇ ਹਰਜਿੰਦਰ ਵੀ ਨਹਾ ਧੋ ਤਿਆਰ ਹੋ ਗਿਆ।

ਟੀ.ਵੀ ਤੇ ਗੁਰਬਾਣੀ ਬੰਦ ਹੋ ਗਈ ਸੀ ਤੇ ਨਿਆਣਿਆਂ ਨੇ ਕਾਰਟੂਨ ਲਗਾ ਲਏ ਸਨ। ਕੋਈ ਖਾਸ ਗੱਲਬਾਤ ਨਹੀਂ ਸੀ ਹੋ ਰਹੀ। ਸਭ ਟੀ.ਵੀ ਦੇਖ ਰਹੇ ਸਨ। ਮਨਜੀਤ ਨੇ ਵਾਰੀ-ਵਾਰੀ ਸਾਰਿਆਂ ਨੂੰ ਨਾਸ਼ਤਾ ਫੜਾਇਆ ਤੇ ਫਿਰ ਅਖੀਰ ਆਪਣੇ ਲਈ ਪਾ ਲੈ ਆਈ। ਏਨੇ ਨੂੰ ਗੁਡੀਆ ਬੋਲੀ..

ਗੁਡੀਆ - ਬਬਲੂ ਤੂੰ ਅੱਜ ਕਿੰਨ੍ਹੇ ਦੇ ਪਟਾਕੇ ਲੈਣੇ।

ਬਬਲੂ - ਮੈਂ ਤਾਂ 500 ਦੇ ਲੈਣੇ। ਮੈਨੂੰ ਪਾਪਾ ਨੇ ਕਿਹਾ ਸੀ ਕੱਲ। ਤੂੰ ਕਿੰਨੇ ਦੇ ਲੈਣੇ?

ਗੁਡੀਆ - ਮੈਂ ਵੀ 500 ਦੇ ਲਵੂ ਫਿਰ। ਹਨਾ ਪਾਪਾ।

ਹਰਜਿੰਦਰ - ਹਾਂ ਪੁੱਤ।

ਵੀਰ ਕੋਰ - ਮੈਂ ਰਾਤੀਂ ਕੀ ਸਮਝਾਇਆ ਸੀ ਤੁਹਾਨੂੰ ਕਿ ਕੋਈ ਪਟਾਕੇ-ਪਟੂਕੇ ਨੀ ਚਲਾਉਣੇ ਇਸ ਵਾਰੀ। ਸ਼ਰਮ ਨੀ ਆਉਂਦੀ ਤੈਨੂੰ, ਪਿਉ ਤੇਰੇ ਨੂੰ ਮਰੇ ਨੂੰ ਛੇ ਮਹਿਨੇ ਨੀ ਹੋਏ ਅਜੇ।

ਹਰਜਿੰਦਰ - ਲੈ ਦੱਸ ਮੰਮੀ। ਮੈਂ ਥੋੜਾ ਚਲਾਉਣੇ ਆ। ਨਿਆਣਿਆਂ ਨੂੰ ਲਿਆ ਦਵਾਂਗੇ। ਨਾਲੇ ਅੱਜਕੱਲ੍ਹ ਕੌਣ ਏਨੇ ਵਹਿਮ ਕਰਦਾ ਵਾ।

ਵੀਰ ਕੌਰ - ਜਦੋਂ ਮੈਂ ਕਹਿਤਾ ਨਾ ਕਿ ਕਿਸੇ ਨੇ ਨੀ ਚਲਾਉਣੇ। ਲੋਕਾਂ ਨੇ ਮੈਨੂੰ ਛੱਤੀ-ਛੱਤੀ ਗੱਲਾਂ ਕਰਨੀਆਂ ਨੇ।

ਹਰਜਿੰਦਰ - ਮੰਮੀ ਤੂੰ ਐਵੇਂ ਜਿਆਦਾ ਵਹਿਮ ਕਰਦੀ ਏ। ਨਿਆਣਿਆਂ ਦੀ ਕਿਹੜੀ ਗੱਲ ਆ। ਦੀਵੇ ਵੀ ਤਾਂ ਜਗਾਉਣੇ ਹੀ ਆ।

ਵੀਰ ਕੌਰ - ਜਦੋਂ ਮੈਂ ਕਹਿਤਾ ਨਾ ਨਹੀਂ ਤੇ ਬਸ ਨਹੀਂ। ਕੋਈ ਦੀਵਾ-ਦੂਵਾ ਵੀ ਨੀ ਬਾਲਣਾ। ਤੈਨੂੰ ਮੈਂ ਦੱਸਦਾ ਮੈਨੂੰ ਜਿਆਦਾ ਬੁਲਾਈ ਨਾ ਵਰ੍ਹੇ-ਵਰ੍ਹੇ ਦਿਨ।

ਮਨਜੀਤ - ਚੱਲ ਕੋਈ ਨਾ ਮੰਨ ਲਉ। ਹਰ ਸਾਲ ਦਿਵਾਲੀ ਮਨਾਈਦੀ ਹੀ ਆ। ਇਸ ਸਾਲ ਨਾ ਮਨਾਵਾਂਗੇ ਤਾਂ ਕੁਝ ਨੀ ਹੁੰਦਾ। ਨਿਆਣਿਆਂ ਨੂੰ ਗੁਰਦੁਆਰੇ ਲੈ ਜਾਵਾਂਗੇ ਸ਼ਾਮੀ ਪਈ।

ਹਰਜਿੰਦਰ - ਯਾਰ ਨਿਆਣਿਆਂ ਦੀ ਕਿਹੜੀ ਗੱਲ ਆ ਭਲਾ। ਗੁਆਢੀਆਂ ਦੇ ਨਿਆਣੇ ਪਟਾਕੇ ਚਲਾਉਣਗੇ ਤੇ ਮੇਰੇ ਨਿਆਣੇ ਦੱਸ ਉਹਨਾਂ ਦੇ ਮੂੰਹ ਵੱਲ ਵੇਖਣਗੇ। ਹੱਦ ਆ ਯਾਰ।

ਹਰਜਿੰਦਰ ਗੁੱਸੇ ਨਾਲ ਉੱਠ। ਦੂਸਰੇ ਕਮਰੇ ਵਿੱਚ ਚਲਾ ਗਿਆ। ਨਿਆਣੇ ਵੀ ਉਸਦੇ ਮਗਰੇਂ ਹੀ ਚਲੇ ਗਏ। ਮਨਜੀਤ ਉੱਥੇ ਬੈਠੀ ਰਹੀ ਤੇ ਟੀ.ਵੀ ਤੇ ਚੈਨਲ ਬਦਲ ਲਿਆ। ਨਿਆਣਿਆਂ ਨੂੰ ਗੁਆਢੀਆਂ ਦਿਆਂ ਨਿਆਣਿਆਂ ਨੇ ਅਵਾਜ਼ ਮਾਰੀ ਤਾਂ ਉਹ ਬਾਹਰ ਨੂੰ ਭੱਜ ਪਏ। ਹਰਜਿੰਦਰ ਕੁਝ ਦੇਰ ਤੱਕ ਲੰਮੇ ਪਿਆ ਰਿਹਾ। ਏਨੇ ਨੂੰ ਵੀਰ ਕੌਰ ਨੇ ਹਰਜਿੰਦਰ ਨੂੰ ਅਵਾਜ਼ ਮਾਰੀ ਤਾਂ ਉਹ ਉੱਠ ਆਪਣੀ ਮਾਂ ਵੱਲ ਚਲਾ ਗਿਆ।

ਵੀਰ ਕੌਰ - ਜਾ.. ਏਦਾਂ ਕਰ ਪਨੀਰ ਲੈ ਆ ਪਾਈਆ ਕੁ। ਦਿਵਾਲੀ ਆ ਕੋਈ ਆ ਹੀ ਜਾਂਦਾ ਹਿਰਖ ਕਰਨ। ਨਾਲੇ ਪਾਠੀ ਨੂੰ ਰੋਟੀ ਦੇ ਕੇ ਆਉਣੀ ਆ, ਤੇਰੇ ਪਿਉ ਦੇ ਵੰਡੇ ਦੀ। ਮਠਿਆਈ ਵੀ ਲੈ ਆਵੀਂ ਕਿੱਲੋ ਕੁ ਪੂਜਾ ਕਰਨੀ ਆ ਸ਼ਾਮੀ ਲਕਸ਼ਮੀ ਮਾਤਾ ਦੀ। ਦਿਵਾਲੀ ਵਾਲੇ ਦਿਨ ਕਰਨੀ ਚੰਗੀ ਹੁੰਦੀ ਆ। ਨਾਲੇ ਆਪ ਲੈ ਲਿਮਕੇ ਦੀ ਨਿੱਕੀ ਬੋਤਲ ਲੈ ਆਵੀਂ ਮੇਰੇ ਲਈ। ਜੀਅ ਬੜਾ ਘਬਰਾਉਣ ਡਿਆ ਵਾ। ਨਿਆਣਿਆਂ ਤੋਂ ਲੁਕਾ ਕੇ ਲਿਆਈ ਸਾਰਾ ਸਮਾਨ। ਐਵੇਂ ਜੂਠੇ-ਮੀਠੇ ਹੱਥ ਮਾਰਣਗੇ। ਜਾ ਵੇਲੇ ਸਿਰ। ਨਹੀਂ ਤਾਂ ਰਹਿੰਦ ਖੂਹਿੰਦ ਰਹਿ ਜਾਣੀ ਆ ਸਾਰੇ।

ਹਰਜਿੰਦਰ - ਹੋਰ ਵੀ ਲਿਆਉਣਾ ਕੁਝ?

ਵੀਰ ਕੌਰ - ਨਹੀਂ ਇਹੀ ਲੈ ਆ ਬਸ। ਹਾਂ ਸੱਚ ਦੀਵੇ ਲੈ ਆਵੀ ਦਸ ਕੁ। ਇੱਕ ਮੜੀਆਂ 'ਚ ਬਾਲ ਕੇ ਆਉਣਾ, ਇੱਕ ਦੋ ਗੁਰਦੁਆਰੇ ਤੇ ਪੀਰ ਬਾਬੇ ਦੇ ਰੱਖ ਆਵਾਂਗੇ। ਇੱਕ ਨਾਰੀਅਲ ਵੀ ਲੈ ਆਵੀਂ।

ਹਰਜਿੰਦਰ - ਮੰਮੀ ਸਾਰਾ ਕੁਝ ਤੇ ਕਰੀ ਜਾਂਦੀ ਏ। ਬਸ ਘਰੇ ਦੀਵੇ ਬਾਲਣੇ ਤੇ ਪਟਾਕੇ ਹੀ ਰਹਿ ਜਾਣੇ ਉਹ ਵੀ ਲੈ ਆਉਂਦਾ ਮੈਂ ਨਿਆਣਿਆਂ ਲਈ।

ਵੀਰ ਕੌਰ - ਜਿੰਨ੍ਹਾਂ ਮੈਂ ਕਿਹਾ ਓਨਾਂ ਕਰ। ਸਲਾਵਾਂ ਨਾ ਦੇ ਬਹੁਤੀਆਂ ਮੈਨੂੰ।

ਹਰਜਿੰਦਰ ਚੁੱਪ ਕਰ ਸਕੂਟਰੀ ਲੈ ਘਰੋਂ ਬਜ਼ਾਰ ਨੂੰ ਤੁਰ ਪਿਆ। ਬਜ਼ਾਰ ਵਿੱਚ ਭੀੜ ਸੀ। ਦੁਕਾਨਾਂ ਦੀ ਭਰਮਾਰ ਸੀ। ਪਟਾਕਿਆਂ ਵਾਲੀਆਂ ਦੁਕਾਨਾਂ ਦੇਖ ਉਸਦਾ ਦਿਲ ਘਾਊਂ-ਮਾਊਂ ਕਰਦਾ ਸੀ ਕਿ ਨਿਆਣਿਆਂ ਲਈ ਦੋ-ਚਾਰ ਸੌ ਦੇ ਲੈ ਲਵੇ ਪਰ ਮਾਂ

ਦੇ ਰੋਕਣ ਕਾਰਨ ਉਹ ਨਹੀਂ ਸੀ ਲੈ ਸਕਦਾ। ਉਸਨੇ ਸਮਾਨ ਦੀ ਖਰੀਦਦਾਰੀ ਕੀਤੀ ਤੇ ਢਿੱਲਾ ਜਿਹਾ ਮੂੰਹ ਬਣਾ ਘਰ ਆ ਗਿਆ। ਦਿਨ ਗੁਜ਼ਰਦਾ ਗਿਆ।

ਨੂੰਹ ਨੇ ਰੋਟੀ ਪਾਣੀ ਕੀਤਾ ਤੇ ਸ਼ਾਮ ਹੋ ਗਈ। ਗੁਰਦੁਆਰੇ ਦੇ ਪਾਠੀ ਲਈ ਰੋਟੀ ਕੱਢੀ ਤੇ ਦੀਵਿਆਂ ਤੇ ਰੂ ਸਮੇਤ ਦੇਸੀ ਤੇਲ ਲੈ ਸਾਰਾ ਟੱਬਰ ਗੱਡੀ ਵਿੱਚ ਬੈਠ ਗੁਰੂਘਰ ਜਾ ਪਹੁੰਚੇ। ਮੱਥਾ ਟੇਕਿਆ, ਦੀਵੇ ਜਗਾਏ ਤੇ ਪਾਠੀ ਨੂੰ ਰੋਟੀ ਫੜਾਈ। ਪਾਠੀ ਨੇ ਚੁੱਪ ਕਰ ਫੜ ਲਈ ਤੇ ਇੱਕ ਪਾਸੇ ਰੱਖ ਦਿੱਤੀ। ਇਹ ਦੇਖ ਵੀਰ ਕੌਰ ਨੂੰ ਬੁਰਾ ਲੱਗਾ। ਪਰ ਪਾਠੀ ਨੂੰ ਤਾਂ ਪਿੰਡ ਦੇ ਹਰ ਘਰ 'ਚੋਂ ਰੋਟੀ ਆਈ ਹੋਵੇਗੀ। ਉਹ ਵਿਚਾਰਾ ਕਿਸ-ਕਿਸ ਤੋਂ ਲੈ ਖਾਵੇ। ਨਾਂਹ ਕਿਸੇ ਨੂੰ ਉਹ ਕਰ ਨਹੀਂ ਸਕਦਾ। ਖੈਰ ਰੋਟੀ ਫੜਾ ਸਾਰਾ ਟੱਬਰ ਪੀਰਾਂ ਦੀ ਜਗ੍ਹਾ ਤੇ ਗਿਆ ਤੇ ਉੱਥੇ ਵੀ ਮੱਥਾ ਟੇਕ ਦੀਵੇ ਰੱਖ ਆਏ। ਫਿਰ ਮੜ੍ਹੀਆਂ ਵੱਲ ਨੂੰ ਗੱਡੀ ਪਾਈ ਤੇ ਉੱਥੇ ਪਹੁੰਚ ਵੀ ਦੀਵਾ ਬਾਲਿਆ ਤੇ ਆਪਣੇ ਮੁੰਡੇ ਤੇ ਨੂੰਹ ਨੂੰ ਮੱਥਾ ਟੇਕਣ ਲਈ ਕਿਹਾ। ਉਹਨਾਂ ਨੂੰ ਮਜਬੂਰਨ ਮੱਥਾ ਟੇਕਣਾ ਪਿਆ। ਮੜ੍ਹੀਆਂ ਵਿੱਚ ਪਹਿਲਾਂ ਹੀ ਕਾਫੀ ਦੀਵੇ ਬਲ ਰਹੇ ਸਨ। ਜਿਵੇਂ ਸਾਰੇ ਪਿੰਡ ਦੇ ਲੋਕ ਆਪਣੇ ਟੱਬਰਾਂ ਨਾਲ ਘੱਟ ਤੇ ਮਰਿਆਂ ਨਾਲ ਦਿਵਾਲੀ ਜਿਆਦਾ ਮਨਾਉਣੀ ਚਾਹੁੰਦੇ ਹੋਣ। ਖੈਰ ਇਹ ਕਾਰਜ ਵੀ ਨਿਬੇੜ ਉਹ ਘਰ ਆ ਪਹੁੰਚੇ।

ਘਰ ਪਹੁੰਚਦੇ ਹੀ ਸਾਰੇ ਟੱਬਰ ਨੇ ਮੂੰਹ ਹੱਥ ਧੋਤਾ ਤੇ ਕਮਰੇ ਵਿੱਚ ਜਾ ਪਹੁੰਚੇ। ਜਿੱਥੇ ਨਿੱਕਾ ਜਿਹਾ ਮੰਦਰ ਬਣਿਆ ਹੋਇਆ ਸੀ। ਜਿੱਥੇ ਲਕਸ਼ਮੀ ਮਾਤਾ ਦੀ ਫੋਟੋ ਨਾਲ ਗਨੇਸ਼ ਮਹਾਰਾਜ ਸਮੇਤ ਕੋਲ ਹੀ ਗੁਰੂ ਨਾਨਕ ਦੇਵ ਜੀ ਦੀ ਫੋਟੋ ਰੱਖੀ ਹੋਈ ਸੀ। ਮਨਜੀਤ ਇੱਕ ਥਾਲੀ ਸਜਾ ਕੇ ਲੈ ਆਈ। ਜਿਸ ਵਿੱਚ ਕੁਝ ਬਲਦੀਆਂ ਅਗਰਬੱਤੀਆਂ ਸਮੇਤ ਮਠਿਆਈ, ਇੱਕ ਨਾਰੀਅਲ, ਸੰਧੂਰ ਤੇ ਮੌਲੀ ਰੱਖੀ ਹੋਈ ਸੀ।

ਵੀਰ ਕੌਰ ਨੇ ਥਾਲੀ ਲਈ ਤੇ ਮੱਥਾ ਟੇਕ ਥਾਲੀ ਨੂੰ ਦੋ-ਚਾਰ ਵਾਰ ਫੋਟੋਵਾਂ ਦੇ ਇਰਦ-ਗਿਰਦ ਘੁੰਮਾ ਥਾਲੀ ਆਪਣੀ ਨੂੰਹ ਨੂੰ ਫੜਾ ਦਿੱਤੀ। ਮਨਜੀਤ ਨੇ ਵੀ ਪੂਜਾ ਕੀਤੀ ਤੇ ਥਾਲੀ ਆਪਣੇ ਘਰ ਵਾਲੇ ਨੂੰ ਫੜਾ ਦਿੱਤੀ। ਇੰਞ ਹੀ ਹਰਜਿੰਦਰ ਨੇ ਪੂਜਾ ਕਰ ਆਪਣੇ ਨਿਆਣਿਆਂ ਨੂੰ ਥਾਲੀ ਫੜਾਈ। ਹਰਜਿੰਦਰ ਨੇ ਨਾਰੀਅਲ ਭੰਨ੍ਹਿਆ ਤੇ ਫਿਰ ਮਨਜੀਤ ਨੇ ਸਾਰਿਆਂ ਦੇ ਮੱਥੇ ਤੇ ਸੰਧੂਰ ਲਾਇਆ ਤੇ ਮੌਲੀ ਬੰਨ੍ਹੀ। ਪੂਜਾ ਖਤਮ ਕਰ ਸਾਰਿਆਂ ਨੇ ਰੋਟੀ ਪਾਣੀ ਤੇ ਮਠਿਆਈ ਖਾਧੀ।

ਬਾਹਰ ਪਟਾਕਿਆਂ ਦਾ ਸ਼ੋਰ ਹੋਣ ਲੱਗ ਪਿਆ। ਬੱਚੇ ਭੱਜ ਕੇ ਕੋਠੇ ਚੜ ਗਏ। ਅਸਮਾਨ ਵਿੱਚ ਵੱਖੋ ਵੱਖਰੇ ਰੰਗਾਂ ਵਾਲੀਆਂ ਹਵਾਈਆਂ, ਤੇ ਰਾਕਟ ਫੱਟਦੇ ਨਜ਼ਰ ਆ ਰਹੇ ਸਨ। ਵੱਖੋ-ਵੱਖਰੀ ਤਰ੍ਹਾਂ ਦੀਆਂ ਅਵਾਜਾਂ ਨਾਲ ਸਾਰੇ ਹੀ ਰੌਲਾ ਪਿਆ ਹੋਇਆ ਸੀ। ਬੱਚੇ ਦੇਖ-ਦੇਖ ਖੁਸ਼ ਹੋ ਰਹੇ ਸਨ। ਕੁਝ ਕੁ ਚਿਰ ਪਿੱਛੋਂ ਹਰਜਿੰਦਰ ਤੇ ਮਨਜੀਤ ਵੀ ਕੋਠੇ ਤੇ ਆ ਚੜੇ। ਮਨਜੀਤ ਬੱਚਿਆਂ ਨੂੰ ਆਰੇ ਲਾਉਣ ਲਈ। ਹੱਥ ਨਾਲ ਇਸ਼ਾਰੇ ਕਰ ਕਰ ਅਸਮਾਨੀ ਨਜ਼ਾਰੇ ਦਿਖਾਉਂਦੀ। ਹਰਜਿੰਦਰ ਸ਼ਾਂਤ ਬੈਠਾ ਸੀ। ਏਨੇ ਨੂੰ ਨਾਲਦੇ ਗੁਆਂਢੀ ਵੀ ਕੋਠੇ ਆ ਚੜੇ ਤੇ ਉਹਨਾਂ ਦੇ ਨਿਆਣੇ ਵੀ। ਉਹ ਅਨਾਰ ਤੇ ਪਟਕੇ ਚਲਾ ਰੌਲਾ ਪਾਉਂਦੇ ਤੇ ਖੁਸ਼ ਹੁੰਦੇ। ਉਹ ਭੱਜਦੇ ਫਿਰ ਰਹੇ ਸਨ। ਪਰ ਏਧਰ ਉਹਨਾਂ ਨੂੰ ਦੇਖ ਮਨਜੀਤ ਦੇ ਦੋਨੋਂ ਬੱਚੇ ਸ਼ਾਂਤ ਹੋ ਗਏ। ਉਹ ਬਸ ਮੂੰਹ ਅੱਡ ਉਹਨਾਂ ਵੱਲ ਦੇਖ ਰਹੇ ਸਨ। ਉਹ ਕਦੇ ਗੁਆਂਢੀਆਂ ਵੱਲ ਦੇਖਦੇ ਤੇ ਕਦੇ ਹਰਜਿੰਦਰ ਵੱਲ। ਹਰਜਿੰਦਰ ਉੱਠ ਹੇਠਾਂ ਚਲਾ ਗਿਆ। ਮਨਜੀਤ ਫਿਰ ਤੋਂ ਬੱਚਿਆਂ ਦਾ ਧਿਆਨ ਆਰੇ ਲਾਉਣ ਦੀ ਕੋਸ਼ਿਸ਼ ਕਰਦੀ ਪਰ ਹੁਣ ਬੱਚੇ ਚੁੱਪ ਸਨ। ਮਨਜੀਤ ਵੀ ਹੇਠਾਂ ਚਲੀ ਗਈ ਤੇ ਕੁਝ ਦੇਰ ਪਿੱਛੋਂ ਆਪਣੇ ਬੱਚਿਆਂ ਨੂੰ ਸਾਉਣ ਲਈ ਅਵਾਜ਼ ਮਾਰੀ ਪਰ ਬੱਚੇ ਅਜੇ ਵੀ ਗੁਆਂਢੀਆਂ ਨੂੰ

ਹੀ ਦੇਖ ਰਹੇ ਸਨ। ਕਰੀਬ ਗਿਆਰਾਂ ਵਜੇ ਹਰਜਿੰਦਰ ਕੋਠੇ ਤੇ ਆਇਆ ਤੇ ਬੱਚਿਆਂ ਨੂੰ ਹੇਠਾਂ ਲੈ ਗਿਆ। ਇੱਕ ਆਪਣੀ ਮਾਂ ਨਾਲ ਤੇ ਦੂਜਾ ਆਪਣੇ ਪਿਉ ਨਾਲ ਪੈ ਗਏ। ਅੱਜ ਬਿਨਾਂ ਗੱਲਾਂ ਬਾਤਾਂ ਕਰ ਹੀ ਉਹਨਾਂ ਨੂੰ ਨੀਂਦ ਆ ਗਈ। ਦਿਵਾਲੀ ਆਮ ਦਿਨਾਂ ਵਾਂਗ ਹੀ ਲੰਘ ਗਈ।

ਕੀ ਬਸ ਇਹੀ ਦਿਵਾਲੀ ਸੀ? ਕਿਉਂ ਅਸੀਂ ਪੁਰਾਣੇ ਰੀਤੀ ਰਿਵਾਜ਼ਾਂ ਜਾਂ ਵਹਿਮਾਂ ਦਾ ਖਹਿੜਾ ਨਹੀਂ ਛੱਡਦੇ? ਕਿਸੇ ਦੀ ਮੌਤ ਹੋਣ ਤੇ ਕਿਉਂ ਸਾਰਾ ਸਾਲ ਹੀ ਸੋਗ ਮਨਾਇਆ ਜਾਂਦਾ ਹੈ? ਜਦ ਕਿ ਅਸੀਂ ਜਾਣਦੇ ਹਾਂ ਕਿ ਜਨਮ ਤੇ ਮੌਤ ਇੱਕ ਨਾ ਇੱਕ ਦਿਨ ਹੋਣੀ ਤੈਅ ਹੀ ਹੈ। ਫਿਰ ਵੀ ਕਿਉਂ ਅਸੀਂ ਇਹੋ ਜਿਹੇ ਰੀਤੀ ਰਿਵਾਜ਼ਾਂ ਵਿੱਚ ਉਲਝੇ ਪਏ ਹਾਂ ਕਿ ਖੁਸ਼ ਹੋਣ ਵਾਲੇ ਦਿਨ ਵੀ ਖੁਸ਼ੀ ਨਹੀਂ ਮਨਾ ਸਕਦੇ। ਉਂਝ ਤਾਂ ਮਹਾਤਮਾ ਕਹਿੰਦੇ ਹਨ ਕਿ ਸੰਤਾਂ ਲਈ ਨਿੱਤ ਦਿਵਾਲੀ ਹੈ। ਕਿਉਂਕਿ ਉਹਨਾਂ ਰੱਬ ਨੂੰ ਪਾ ਲਿਆ ਹੁੰਦਾ ਹੈ। ਉਹਨਾਂ ਨੂੰ ਜਨਮ ਮੌਤ ਨਾਲ ਫਰਕ ਨਹੀਂ। ਪਰ ਇਸ ਸੰਸਾਰ ਵਿੱਚ ਜੋ ਪਰਮਾਤਮਾ ਤੋਂ ਫਿਲਹਾਲ ਜਾਣੂ ਨਹੀਂ ਹਨ ਉਹ ਤਾਂ ਸਾਲ ਵਿੱਚ ਇੱਕ ਦਿਨ ਦਿਵਾਲੀ ਵਾਲਾ ਮਨਾ ਸਕਦੇ ਹਨ। ਮੈਂ ਮੰਨਦਾ ਹਾਂ ਪਟਾਕੇ ਚਲਾਉਣੇ ਜਾਂ ਜਸ਼ਨ ਮਨਾਉਣੇ ਸਿਰਫ ਦਿਵਾਲੀ ਦੇ ਤਿਉਹਾਰ ਨੂੰ ਮਨਾਉਣਾ ਨਹੀਂ ਹੁੰਦਾ। ਪਰ ਨਿਆਣਿਆਂ ਨੂੰ ਇਹਨਾਂ ਦਿਨਾਂ ਦਾ ਕੁਝ ਵਧੇਰੇ ਚਾਅ ਹੁੰਦਾ ਹੈ। ਤੇ ਕਿਉਂ ਨਾ ਆਪਣੇ ਨਿਆਣਿਆਂ ਦੀ ਖੁਸ਼ੀ ਖਾਤਿਰ ਇਹਨਾਂ ਝੂਠੇ ਰੀਤੀ ਰਿਵਾਜ਼ਾਂ ਤੋਂ ਛੁੱਟੀ ਲੈ ਲਈ ਜਾਵੇ।

ਦੇਖਿਆ ਜਾਵੇ ਤਾਂ ਵੀਰ ਕੌਰ ਇੱਕ ਅੰਮ੍ਰਿਤਧਾਰੀ ਔਰਤ ਹੋਣ ਦੇ ਬਾਵਜੂਦ ਵੀ ਮੜੀਆਂ ਅਤੇ ਪੀਰਾਂ ਦੀਆਂ ਜਗ੍ਹਾਵਾਂ ਤੇ ਤੇਲ ਪਾਉਣ ਜਾਂ ਦੀਵੇ ਬਾਲਣ ਲਈ ਰਾਜੀ ਸੀ। ਪਰ ਲੋਕਾਂ ਦੇ ਵਿਚਾਰਾਂ ਕਰਨ ਜਾਂ ਗੱਲਾਂ ਬਾਤਾਂ ਕਰਨ ਦੇ ਡਰ ਨਾਲ ਉਹਨੇ ਨਾ

ਤਾਂ ਆਪਣੇ ਪੋਤੇ-ਪੋਤੀ ਨੂੰ ਪਟਾਕੇ ਚਲਾਉਣ ਦੀ ਇਜ਼ਾਜਤ ਦਿੱਤੀ ਨੇ ਨਾ ਹੀ ਘਰੇ ਕੋਈ ਦੀਵਾ ਬਾਲਿਆ। ਇਹ ਕਿਵੇਂ ਦੇ ਰੀਤੀ ਰਿਵਾਜ਼ ਹਨ? ਕੀ ਇਹਨਾਂ ਦਾ ਖਤਮ ਹੋਣਾ ਜ਼ਾਇਜ ਨਹੀਂ?

ਗੱਲ ਉਸ ਪਾਠੀ ਨੂੰ ਰੋਟੀ ਦੇਣ ਦੀ ਕਰੀਏ ਤਾਂ ਸਭ ਇਸ ਗੱਲ ਤੋਂ ਜਾਣੂ ਹਨ ਕਿ ਦਿਵਾਲੀ ਵਾਲੇ ਦਿਨ ਹਰ ਘਰ ਚੰਗਾ ਰੋਟੀ ਪਾਣੀ ਬਣਿਆ ਹੁੰਦਾ ਹੈ। ਫਿਰ ਪਾਠੀ ਘਰ ਕਿਉਂ ਨਾ ਬਣਿਆ ਹੋਵੂ। ਅਗਰ ਘਰ ਦੀ ਰੋਟੀ ਨੂੰ ਕਿਸੇ ਸਹੀ ਥਾਂ ਖਵਾਉਣ ਦਾ ਏਨਾਂ ਹੀ ਸ਼ੌਕ ਹੈ ਤਾਂ ਉਹਨਾਂ ਝੁੱਗੀਆਂ ਝੋਪੜੀਆਂ ਵਿੱਚ ਰੋਟੀ ਪਹੁੰਚਾਉ ਜੋ ਬੁਰਕੀ-ਬੁਰਕੀ ਲਈ ਤਰਸਦੇ ਫਿਰਦੇ ਨੇ। ਅਸੀਂ ਵਹਿਮਾਂ-ਭਰਮਾਂ, ਰੀਤੀ-ਰਿਵਾਜ਼ਾਂ ਨੂੰ ਤਾਂ ਬੜੀ ਸ਼ਿੱਦਤ ਨਾਲ ਮੰਨਦੇ ਹਾਂ, ਪਰ ਕੋਈ ਠੀਕ ਢੰਗ ਨਾਲ ਕਿਸੇ ਕਾਰਜ ਨੂੰ ਕਰਨ ਲਈ ਕਹੇ ਤਾਂ ਉਸ ਨੂੰ ਅਣਜਾਣ ਜਾਂ ਨਾ-ਸਮਝ ਕਹਿ ਉਸਦੀ ਗੱਲ ਝੁਠਲਾ ਦੇਂਦੇ ਹਾਂ। ਇਹੋ ਜਿਹੇ ਰੀਤੀ-ਰਿਵਾਜ਼ ਸਿਰਫ ਮੌਤ ਨਾਲ ਜਾਂ ਦਿਵਾਲੀ ਨਾਲ ਹੀ ਨਹੀਂ ਸਗੋਂ ਹਰ ਇੱਕ ਦਿਨ ਤਿਉਹਾਰ ਨਾਲ ਜੁੜੇ ਹੋਏ ਹਨ। ਅਸੀਂ ਆਪਣੀਆਂ ਖੁਸ਼ੀਆਂ ਤੇ ਗਮਾਂ ਨੂੰ ਬੰਦਿਸ਼ਾਂ ਵਿੱਚ ਜਕੜ ਲਿਆ ਹੈ। ਲੋੜ ਹੈ ਤਰੀਕਿਆਂ ਨੂੰ ਤੇ ਰਸਮਾਂ ਰਿਵਾਜ਼ਾਂ ਨੂੰ ਬਦਲਣ ਦੀ। ਤੇ ਇਹ ਕਦਮ ਹੁਣ ਦੀ ਪੀੜੀ ਨੂੰ ਹੀ ਚੁੱਕਣੇ ਪੈਣਗੇ। ਇਹ ਗੱਲ ਜਿੰਨੀ ਭਵਿੱਖ ਤੇ ਨਿਰਭਰ ਕਰਾਂਗੇ, ਓਨੀ ਹੀ ਬੋਝ ਬਣਦੀ ਜਾਵੇਗੀ। ਦਿਵਾਲੀ ਦੀਆਂ ਸਭ ਨੂੰ ਮੁਬਾਰਕਾਂ। ਕੋਸ਼ਿਸ਼ ਕਰੋ ਕਿ ਰਸਮਾਂ ਰਿਵਾਜ਼ਾਂ ਤੋਂ ਪਰੇ ਹੱਟ ਖੁਸ਼ੀ ਨਾਲ ਤੇ ਲੋੜਵੰਦਾਂ ਦੀ ਮਦਦ ਕਰ ਇਸ ਦਿਨ ਨੂੰ ਮਨਾਈਏ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**+91 9779324826**

# ਆਇਆ ਦੀਵਾਲੀ ਦਾ ਤਿਉਹਾਰ

ਆਇਆ ਹੈ ਮਿੱਤਰੋ! ਦੀਵਾਲੀ ਦਾ ਤਿਉਹਾਰ।
ਹਰ ਘਰ ਕਰੇ ਜਗਮਗ ਦੀਵਿਆਂ ਦੀ ਕਤਾਰ।

ਇਸ ਦਿਨ ਘਰ ਸ੍ਰੀ ਰਾਮ ਚੰਦਰ ਜੀ ਆਏ।
ਮਾਤਾ ਸੀਤਾ ਸੰਗ ਵੀਰ ਲਛਮਣ ਲਿਆਏ।
ਬਨਵਾਸ ਪਿੱਛੋਂ ਮੁੜ ਇੱਕ ਹੋਇਆ ਪਰਿਵਾਰ।
ਆਇਆ ਹੈ ਮਿੱਤਰੋ! ਦੀਵਾਲੀ ਦਾ ਤਿਉਹਾਰ।

ਬੰਦੀ ਛੋੜ ਦਾਤਾ ਛੇਵੇਂ ਪਾਤਸ਼ਾਹ ਜੀ ਅਖਵਾਏ।
ਬਵੰਜਾ ਰਾਜੇ ਕੈਦ 'ਚੋਂ ਆਜ਼ਾਦ ਸੀ ਕਰਵਾਏ।
ਬੰਦੀ ਛੋੜ ਦਿਵਸ ਵਜੋਂ ਸੰਗਤ ਦੇਵੇ ਸਤਿਕਾਰ।
ਆਇਆ ਹੈ ਮਿੱਤਰੋ! ਦੀਵਾਲੀ ਦਾ ਤਿਉਹਾਰ।

ਖੁਸ਼ੀ-ਖੁਸ਼ੀ ਲੋਕ ਇਹ ਤਿਉਹਾਰ ਨੇ ਮਨਾਉਂਦੇ।
ਬੱਚੇ ਵੀ ਘਰਾਂ ਨੂੰ ਬਹੁਤ ਸੋਹਣਾ ਨੇ ਸਜਾਉਂਦੇ।
ਗੁਰਕੀਰਤ ਨੂੰ ਹੈ ਰਹਿੰਦਾ ਹਰ ਸਾਲ ਇੰਤਜ਼ਾਰ।

ਆਇਆ ਹੈ ਮਿੱਤਰੋ! ਦੀਵਾਲੀ ਦਾ ਤਿਉਹਾਰ।

ਲੋਕ ਘਰਾਂ ਵਿੱਚ ਮਠਿਆਈਆਂ ਨੇ ਬਣਾਉਂਦੇ।
ਗੁਰੂ ਘਰ ਜਾ ਕੇ ਸ਼ੁਕਰ ਰੱਬ ਦਾ ਮਨਾਉਂਦੇ।
ਪਟਾਖੇ ਨਹੀਂ ਚਲਾਉਣੇ ਆਓ ਕਰੋ ਇਕਰਾਰ।
ਆਇਆ ਹੈ ਮਿੱਤਰੋ! ਦੀਵਾਲੀ ਦਾ ਤਿਉਹਾਰ।

ਦੀਵਿਆਂ ਦੀ ਲੋਅ ਕਰੇ ਰੌਸ਼ਨ ਚਾਰ ਚੁਫੇਰਾ।
ਵਿਦਿਆ ਦੀ ਲੋਅ ਕਰੇ ਦੂਰ ਮਨ ਦਾ ਹਨੇਰਾ।
ਅਮਰਪ੍ਰੀਤ ਵੰਡੀਏ ਇੱਕ ਦੂਜੇ 'ਚ ਪਿਆਰ।
ਆਇਆ ਹੈ ਮਿੱਤਰੋ! ਦੀਵਾਲੀ ਦਾ ਤਿਉਹਾਰ।
ਸਭ ਲਈ ਖੁਸ਼ਹਾਲੀ ਲਿਆਵੇ ਹਰ ਵਾਰ।



ਅਮਰਪ੍ਰੀਤ ਸਿੰਘ ਝੀਤਾ,
ਨੰਗਲ ਅੰਬੀਆ (ਸ਼ਾਹਕੋਟ) ਜਲੰਧਰ

# ਜਸ਼ਨ-ਏ-ਖੁਸ਼ੀਆਂ

ਹਰ ਸਾਲ ਦੀ ਤਰਾਂ ਅੱਜ ਵੀ ਮਹੀਨਾਂ ਪਹਿਲਾਂ ਹੀ ਉਹਨਾਂ ਘਰ ਤਿਆਰੀਆਂ ਚੱਲ ਰਹੀਆਂ ਨੇ। ਤੇ ਮੈਂ ਹਰ ਸਾਲ ਉਹਨਾਂ ਨੂੰ ਵੇਖਣ ਲਈ ਬੜਾ ਉਤਾਵਲਾ ਰਹਿੰਦਾ। ਉਹਨਾਂ ਸਭ ਨੂੰ ਵੇਖ ਇੰਞ ਲੱਗਦਾ ਜਿਵੇਂ ਇਹਨਾਂ ਸਭ ਦਾ ਮਕਸਦ ਇੱਕ ਹੀ ਹੈ...!

ਜਿਵੇਂ ਉਹ ਬਾਬਾ ਸ਼ਮੀਰ ਆਖਦਾ ਸੀ ਧਰਤੀ ਤੇ ਆਇਆ ਹਰ ਇਨਸਾਨ ਬੱਸ ਕਿਸੇ ਦੂਜੇ ਨੂੰ ਪਿਆਰ ਕਰਨ ਲਈ ਆਉਂਦਾ ਹੈ ਜਿਹਦੇ ਕਰਕੇ ਉਸ ਨੂੰ ਇਹ ਸੰਸਾਰ ਹਸੀਨ ਜਾਪਦਾ ਹੈ ਇਹਨਾਂ ਸਭ ਇਨਸਾਨੀ ਰੂਹਾਂ ਦਾ ਮਕਸਦ ਇੱਕ ਹੀ ਹੈ...!

ਉਸ ਰਾਤ ਇਹ ਸਭ ਗੱਲਾਂ ਨੇ ਮੇਰੇ ਦਿਲ ਤੇ ਬੜਾ ਡੂੰਘਾ ਅਸਰ ਕੀਤਾ ਜਦੋਂ ਮੈਂ ਧੰਦੇ ਦੇ ਸਾਰੇ ਲੋਕਾਂ ਨੂੰ ਇਹ ਆਖਦੇ ਸੁਣ ਕੇ ਆਇਆ ਸਾ ਕੇ ਇਸ ਵਾਰ ਅਸੀਂ ਇਹਨਾਂ ਦੀ ਖੁਸ਼ੀ ਵਿਚ ਨਾ ਤਾ ਸ਼ਾਮਿਲ ਹੋਵੋਗੇ ਨਾ ਹੀ ਕੋਈ ਆਡਰ ਲਵਾਂਗੇ ਕਿਉਂਕਿ ਸਾਡਾ ਸਭ ਦਾ ਮਕਸਦ ਇਕ ਹੈ...!

ਸਵੇਰੇ ਉੱਠਦਿਆਂ ਹੀ ਮੈਨੂੰ ਮੇਰੇ ਮਕਸਦ ਬਾਰੇ ਸਮਝਾਇਆ ਜਾਣ ਲੱਗਾ। ਉਹ ਮੇਰੇ ਕੋਲੋਂ ਜਵਾਬ ਦੀ ਉਡੀਕ ਕਰ ਰਹੇ ਸੀ ਕੇ ਅਮਰੀਨ ਨੇ ਬੂਹੇ ਵਿੱਚ ਖੜ ਆਵਾਜ਼ ਮਾਰੀ "ਕੇ ਵੀਰੇ ਬੇਬੇ ਦਾ ਹੱਥ ਨਹੀਂ ਅਪੜ੍ਹ ਰਿਹਾ ਥੋੜ੍ਹਾ ਸਾਮਾਨ ਅਲਮਾਰੀ ਤੋਂ ਥੱਲੇ ਲਾਉਣਾ ਹੈ"

ਤੇ ਮੈਂ ਅੱਗੇ ਹੀ ਉਹਨਾਂ ਘਰ ਜਾਣ ਲਈ ਉਤਾਵਲਾ ਹੋਇਆ ਫਿਰਦਾ ਹਾ ਇਹ ਗੱਲ ਮਾਂ ਨੇ ਨਾਲ ਹੀ ਅਮਰੀਨ ਦੇ ਮੂੰਹ ਤੇ ਕੱਢ ਮਾਰੀ...!

ਮੈਂ ਬਿਨਾਂ ਕੁਝ ਬੋਲੇ ਅਮਰੀਨ ਨਾਲ ਤੁਰ ਪਿਆ...

ਸ਼ਾਇਦ ਉਸ ਦਿਨ ਬਾਪੂ ਵੀ ਸਮਝ ਗਿਆ ਕੇ ਮੇਰਾ ਮਕਸਦ ਉਹਨਾਂ ਨਾਲੋਂ ਅਲੱਗ ਹੈ।

ਅਮਰੀਨ ਤੇ ਮੇਰਾ ਬਚਪਨ ਬਸਤੀ ਵਿੱਚ ਇਕੱਠੇ ਹੀ ਬੀਤਿਆ। ਉਹ ਮੇਰੇ ਤੋਂ ਸਿਰਫ ੨ ਸਾਲ ਛੋਟੀ ਸੀ। ਸਾਡੀਆਂ ਮਾਵਾਂ ਨੇ ਕਦੀ ਸਾਡੇ ਵਿੱਚ ਕੋਈ ਫ਼ਰਕ ਨਹੀਂ ਕੀਤਾ। ਬਸਤੀ ਵਿੱਚ ਕੋਈ ਵੀ ਸਾਡੇ ਦੋਨਾਂ ਪਰਿਵਾਰਾਂ ਦੇ ਮੋਹ ਨੂੰ ਵੇਖ ਕੇ ਖੁਸ਼ ਨਾਂ ਹੁੰਦਾ।

ਪਰ ਮੈਂ ਉਸ ਵਕ਼ਤ ਇਹਨਾਂ ਗੱਲਾਂ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਜਦੋਂ ਮੈਂ ਆਪਣੇ ਗਵਾਂਢੀ ਕ੍ਰਿਸ਼ਨਾ ਨੂੰ ਗਲਤੀ ਨਾਲ ਗੋਸ਼ ਖਵਾ ਦਿੱਤਾ ਸੀ ਤੇ ਉਹਦੀ ਮਾਂ ਨੇ ਅਖੀਰ ਲੜਦੀ ਹੋਈ ਨੇ ਸਾਨੂੰ ਆਖ ਹੀ ਦਿੱਤਾ ਹਾਂ ਤੁਹਾਨੂੰ ਏੱਥੋਂ ਕੱਢਣਾ ਹੀ ਸਾਡਾ ਮਕਸਦ ਹੈ..!ਉਸ ਵਕ਼ਤ ਮੇਰੀ ਮਾਂ ਨੇ ਅਮਰੀਨ ਦੇ ਪਰਿਵਾਰ ਨੂੰ ਉਹਨਾਂ ਦੀ ਗੱਲ ਵਿੱਚ ਹਾਮੀ ਭਰਦੇ ਵੇਖ ਲਿਆ ਸੀ।

ਅਮਰੀਨ ਦੀ ਮਾਂ ਨੇ ਬਥੇਰੀਆਂ ਦਲੀਲਾਂ ਦਿੱਤੀਆਂ ਮਾਂ ਨੂੰ ਕੇ ਉਹਨਾਂ ਮੇਰੀ ਗਲਤੀ ਦੀ ਹਾਮੀ ਭਰੀ ਨਾ ਕਿ ਸਾਨੂੰ ਏਥੋਂ ਕੱਢਣ ਦੀ। ਪਰ ਮਾਂ ਤੇ ਉਹਦੀਆਂ ਦਿੱਤੀਆਂ ਦਲੀਲਾਂ ਦਾ ਕੋਈ ਅਸਰ ਨਾ ਹੋਇਆ ਸ਼ਇਦ ਉਸ ਦਿਨ ਰਿਸ਼ਤੇ ਵਿਚ ਆਈ ਕੁੜਤਣ ਨੇ ਮਾਂ ਦੇ ਦਿਲ ਅੰਦਰ ਇਹ ਫੈਸਲਾ ਸੁਣਾ ਦਿੱਤਾ ਸੀ ਕੇ ਇਹਨਾਂ ਸਭ ਦਾ ਮਕਸਦ ਇਕ ਹੀ ਹੈ..!

ਦਾਦੀ ਨੇ ਵੀ ਨਾਲ ਹੀ ਮੂੰਹ ਭਰ ਆਖ ਦਿੱਤਾ ਚੰਗਾ ਹੋਇਆ ਖੈੜਾ ਛੁੱਟਿਆ...!

ਪਰ ਮੇਰਾ ਖੈੜਾ ਨਾ ਤੇ ਕੋਈ ਉਦੋ ਛੱਡਾ ਸੱਕਿਆ ਤੇ ਨਾ ਹੀ ਹੁਣ। ਮੈਂ ਅੱਜ ਵੀ ਅਮਰੀਨ ਦੀ ਮਾਂ ਲਈ ਉਹਨਾਂ ਹੀ ਪਿਆਰਾ ਹਾਂ ਜਿੰਨਾ ਬਚਪਨ ਵਿੱਚ...

ਅਲਮਾਰੀ ਤੋਂ ਮੈਂ ਸਾਮਾਨ ਲਾਹ ਫੜ੍ਹਾ ਦਿੱਤਾ..

ਅਮਰੀਨ ਦੀਆਂ ਅੱਖਾਂ ਭਰ ਆਇਆ ਸ਼ਇਦ ਉਹਨੂੰ ਪਤਾ ਲੱਗ ਗਿਆ ਕੇ ਅਸੀਂ ਬਸਤੀ ਛੱਡ ਜਾਣ ਵਾਲੇ ਹਾਂ। ਮੈਨੂੰ ਉੱਠ ਕੇ ਜਾਂਦੇ ਨੂੰ ਤਾਹਿ ਤੇ ਉਹਨੇ ਆਹ ਗੱਲ ਆਖ ਦਿੱਤੀ - "ਵੀਰੇ ਹਰ ਸਾਲ ਦੀ ਤਰਾਂ ਇਸ ਵਾਰ ਤੈਨੂੰ ਉਹ ਚਾਅ ਨਹੀਂ ਹੈ"...

ਰਾਤ ਨੂੰ ਜਦੋ ਮੈਂ ਮਾਂ ਨੂੰ ਆਪਣਾ ਫੈਂਸਲਾ ਸੁਣਾਇਆ ਕੇ ਤੁਸੀ ਜਾਣਾ ਤੇ ਜਾਓ ਮੈਂ ਆਹ ਬਸਤੀ ਛੱਡ ਕੇ ਨਹੀਂ ਜਾਵਾਂਗਾ।

ਮਾਂ ਆਪਣਾ ਮੱਥਾ ਫੜ੍ਹ ਬਹਿ ਗਈ "ਬੇੜਾ ਗਰਕ ਹੋਜੇ ਕਮੀਨੀ ਦਾ !"ਤੈਨੂੰ ਸਿੱਖਾਂ ਕੇ ਘਰ ਭੇਜ ਦਿੱਤਾ ਅਗਲੀ ਨੇ ,ਕਦੋਂ ਦਿਮਾਗ ਤੋਂ ਕੰਮ ਲਾਵੇਗਾ ਤੂੰ ਬੰਦਿਆ..!

ਮੈਂ ਮਾਂ ਨੂੰ ਬਿਨਾਂ ਕੁਝ ਆਖੇ ਹੀ ਉਥੋਂ ਉੱਠ ਤੁਰਿਆ। ਸਾਰੀ  ਰਾਤ ਇਕ ਪਾਲ ਵੀ ਮੇਰੀ ਅੱਖ ਨਾ ਲੱਗੀ। ਅਮਰੀਨ ਦੀ ਆਖੀ ਗੱਲ ਮੇਰੇ ਕੰਨ ਵਿੱਚ ਗੂੰਜਣ ਲੱਗੀ। ਕਿ ਸੱਚੀ ਇਸ ਸਾਲ ਮੈਨੂੰ ਅੱਗੇ ਵਾਂਗ ਚਾਅ ਨਹੀਂ ਆ...ਇਸ ਵਾਰ ਤੇ ਇਹ ਤਿਉਹਾਰ ਦੀਆ ਖੁਸ਼ੀਆਂ ਵੀ ਅੱਗੇ ਨਾਲੋਂ ਜਿਆਦਾ ਨੇ ਜਿਨ੍ਹਾਂ ਨੂੰ ਵੇਖਣ ਲਈ ਮੈਂ ਹਰ ਸਾਲ ਅਮਰੀਨ ਘਰ ਜਾਣ ਲਈ ਉਤਾਵਲਾ ਰਹਿਣਾ।  ਸਵੇਰ ਹੁੰਦੀਆਂ ਮੈਂ ਛੋਟੂ ਨੂੰ ਲੈਣ ਉਹਦੇ ਘਰ ਵੱਲ ਨੂੰ ਤੁਰ ਪਿਆ। ਛੋਟੂ ਕੰਮ ਚ ਮੇਰਾ ਹੱਥ ਵਟਾਉਂਦਾ ਸੀ। ਕਿੰਨੇ ਦਿਨਾਂ ਤੋਂ ਉਹ ਵੀ ਕੰਮ ਤੇ ਨਹੀਂ ਆਇਆ ਸੀ।

ਚੰਗੀ ਕਿਸਮਤ ਨੂੰ ਉਹ ਵੀ ਘਰ ਹੀ ਮਿਲ ਗਿਆ ਤੇ ਅਸੀਂ ਦੋਵੇਂ ਕੰਮ ਵਾਲੀ ਜਗਾਹ ਤੇ ਆ ਗਏ। ਕਲਾਲ ਦਾ ਕੰਮ ਜਾਣਦਾ ਸਾ ਤੇ ਮਿੱਟੀ ਤੋਂ ਹੀ

ਰੋਜ਼ੀ ਰੋਟੀ ਚੱਲਦੀ। ਚਾਕ ਤੇ ਮੈਂ ਮਿੱਟੀ ਧਰੀ ਤੇ ਦੀਵੇ ਘੜ੍ਹਨ ਲੱਗ ਪਿਆ...

- ਛੋਟੂ ਓਏ ਛੇਤੀ ਕੰਮ ਨੂੰ ਹੱਥ ਮਾਰ ਦਿਨ ਘੱਟ ਨੇ ਬਹੁਤ ਤੇ ਕੰਮ ਬੜਾ ਜਿਆਦਾ ਆਡਰ ਵਕ਼ਤ ਸਿਰ ਅਪੜ੍ਹਾ ਕੇ ਆਉਣੇ ਨੇ..!

ਛੋਟੂ ਬੜਾ ਹੈਰਾਨ ਹੋਇਆ ਮੇਰੇ ਵੱਲ ਦੇਖ ਰਿਹਾ ਸੀ ਤੇ ਅਖੀਰ ਬੋਲ ਹੀ ਪਿਆ।

- ਭਾਜੀ ਲੱਗਦਾ ਬਰਾਦਰੀ ਦੀ ਕੀਤੀ ਸਲਾਹ ਤੁਹਾਡੇ ਕੰਨੀ ਨਹੀਂ ਪਈ ਹਜੇ...!

ਮੈਂ ਉਹਨੂੰ ਰੋਟੀ ਖਾਣ ਨੂੰ ਪੁੱਛਿਆ ਤੇ ਮੁੜਕੇ ਉਹਨੇ ਇਸ ਬਾਰੇ ਮੈਨੂੰ ਕੁਝ ਨਾ ਆਖਿਆ ਸ਼ਾਮ ਤੱਕ ਅਸੀਂ ਕੰਮ ਕਰਦੇ ਰਹੇ।

ਮਸੀਤ ਵਿੱਚੋ ਅਜ਼ਾਨ ਦੀ ਆਵਾਜ਼ ਆਈ ਤੇ ਮੈਂ ਮਗ਼ਰਿਬ ਦੀ ਨਮਾਜ਼  ਕਰਨ ਬੈਠ ਗਿਆ...

- ਵਾਪਿਸ ਆਇਆ ਤਾ ਛੋਟੂ ਨੇ ਕੰਮ ਨਿਬੇੜ ਲਿਆ ਸੀ ਬੜੇ ਸੋਹਣੇ ਦੀਵੇ ਘੜੇ ਸੀ ਉਹਨੇ ।

ਮੈਂ ਆਪਣਾ ਦੀਵਾ ਜੋ ਮੈਂ ਘੜਿਆ ਸੀ  ਤੇ ਛੋਟੂ ਦਾ ਦੀਵਾ ਹੱਥ ਵਿੱਚ ਚੁੱਕਿਆ

- ਛੋਟੂ ਇਕ ਗੱਲ ਦੱਸ ਏਹਨਾਂ ਦੋਵਾਂ ਦੀਵਿਆਂ ਦਾ ਕੰਮ ਕਿ ਹੈ ?

ਉਹ ਨਾਲ ਹੀ  ਬੋਲ ਪਿਆ - ਰੋਸ਼ਨੀ

ਮੈਂ ਉਹਦੇ ਸਿਰ ਤੇ ਬੜੇ ਪਿਆਰ ਨਾਲ ਹੱਥ ਫੇਰਿਆ ਤੇ ਆਖਿਆ

- "ਤੇ ਫਿਰ ਇਹ ਦੀਵਾ ਦਰਗਾਹ ਤੇ ਜਗੇ ਜਾ ਮੰਦਿਰ ਵਿੱਚ ਮਕਸਦ ਤਾ ਇਕ ਹੈ ਨਾ - "ਇਬਾਦਤ"

ਈਦ ਹੋਵੇ ਜਾ ਦੀਵਾਲੀ ਦੋਵਾਂ ਲਈ ਮੇਰਾ ਮਕਸਦ ਇਕ ਹੀ ਹੈ - ਜਸ਼ਨ-ਏ-ਖੁਸ਼ੀਆਂ

ਛੋਟੂ ਨੇ ਮੈਨੂੰ ਘੁੱਟ ਕੇ ਗਲੇ ਲਾ ਲਿਆ ਜਿਵੇਂ ਉਹਨੂੰ ਆਪਣੇ ਸਾਰੇ ਸਵਾਲਾਂ ਦੇ ਜਵਾਬ ਮਿਲ ਗਏ ਤੇ ਸਾਹਮਣੇ ਖੜੇ ਮੇਰੇ ਅੱਬੂ ਨੂੰ ਵੀ...

ਅਕਸ਼ ਕੌਰ ਪੁਰੇਵਾਲ

ਸੰਪਰਕ – akshpurewal@yahoo.com



# ਦੀਵਾਲੀ

ਜਦ ਵੀ 'ਦੀਵਾਲੀ' ਸ਼ਬਦ
ਸੁਣਦੀ ਹਾਂ
ਤਾਂ ਦਿਲ ਆਪ-ਮੁਹਾਰੇ ਹੀ
ਕਹਿ ਉੱਠਦਾ..
ਕਿੰਨਾ ਚੰਗਾ ਹੋਵੇ ਜੇ
ਇਸ ਵਾਰ 'ਉਹ' ਸ਼ਰਾਬ ਨੂੰ
ਕਦੇ ਨਾ ਹੱਥ ਲਾਉਣ ਦੀ
ਕਸਮ ਖਾਵੇ..
ਲਾਵੇ ਬਾਜ਼ੀ ਬੇਸ਼ੱਕ
ਪਰ ਆਦਤਾਂ ਦੀ
ਹੋਵੇ ਜਿੱਤ ਸਿਰਫ ਚੰਗੀਆਂ ਦੀ
ਤੇ ਬੁਰੀਆਂ ਸਭ ਹਾਰ ਜਾਵੇ...
ਪਈਆਂ ਮਿਲਣ ਵਸਤਾਂ ਜ਼ਰੂਰੀ
ਚੌਰਸਤੇ 'ਚ ਲਲੇਰ ਦੀ ਥਾਂ
ਤਾਂ ਜੋ ਕੋਈ
ਕਿਸੇ ਜ਼ਰੂਰਤਮੰਦ ਦਾ ਸਹਾਰਾ ਬਣ ਪਾਵੇ...
ਲਾ ਕੇ ਤੀਲੀ ਆਪਣੇ ਵਹਿਮ-ਭਰਮਾਂ ਨੂੰ
ਤੇ ਕਰਕੇ ਪੂਜਾ ਉਸ ਲਕਸ਼ਮੀ ਦੀ...
ਔਰਤ ਜ਼ਾਤ ਤੋਂ ਲਿਆ ਆਸ਼ੀਰਵਾਦ ਜਾਵੇ ...

ਲਿਖਤ- ਪ੍ਰਿਆ ਸੁਮਨ (ਜਲੰਧਰ ਸ਼ਹਿਰ)

# ਬਿਰਹੜੇ

ਕੱਤਕ ਦੇ ਮਹੀਨੇ ਦੀ ਸੱਜਰੀ ਸਵੇਰ ਸੀ। ਤਾਰੋ ਚੌਂਕੇ 'ਚ ਬੈਠੀ ਰੋਟੀਆਂ ਲਾਹ ਰਹੀ ਸੀ। ਘਰ ਦਾ ਚੌਂਕਾ ਬਿਲਕੁਲ ਚੜ੍ਹਦੇ ਪਾਸੇ ਵੱਲ ਨੂੰ ਸੀ, ਸਵੇਰ ਦੀ ਪੀਲੀ ਤਿੱਖੀ ਧੁੱਪ ਉਸਦੀਆਂ ਅੱਖਾਂ ਖੁੱਲਣ ਨਹੀਂ ਸੀ ਦੇ ਰਹੀ। ਉਸਨੇ ਬੜੀ ਔਖੀ ਹੋ ਅੱਖਾਂ ਅੱਧੀਆਂ ਖੁੱਲ੍ਹੀਆਂ 'ਚ ਹੀ ਰੋਟੀ ਬਣਾਈ। ਰੋਟੀਆਂ ਬਣਾ ਕੇ ਚੌਂਕੇ 'ਚ ਧੁੱਖਦੀ ਅੱਗ 'ਤੇ ਚਾਹ ਦੀ ਪਤੀਲੀ ਧਰ ਲਈ ਤੇ ਅੰਦਰ ਪਏ ਬਿਸ਼ਨੇ ਨੂੰ ਬਾਹਰੋਂ ਆਵਾਜ਼ਾਂ ਮਾਰ ਉਠਾਉਣ ਲੱਗੀ, " ਬਿਸ਼ਨ ਪੁੱਤ... ਉੱਠ ਜਾ... ਵੇਖ ਸੂਰਜ ਸਿਰ ਚੜ੍ਹ ਆਇਆ ਸਕੂਲੇ ਜਾਣਾ... ਉੱਠ ਕੇ ਨਹਾ ਧੋ ਲੈ... ਬਾਹਰ ਚੌਂਕੇ 'ਚ ਚਾਹ ਰੱਖੀ ਐ, ਕੱਢ ਕੇ ਪੀ ਲਵੀਂ"

ਕੱਤਕ ਦਾ ਮਹੀਨਾ, ਜਦੋਂ ਨਾ ਬਹੁਤੀ ਠੰਡ ਨਾ ਬਹੁਤੀ ਗਰਮੀ, ਬੜਾ ਹੀ ਸੁਖਾਲਾ ਮੌਸਮ ਹੁੰਦਾ, ਬਿਸ਼ਨੇ ਦਾ ਜਮਾ ਦਿਲ ਨਹੀਂ ਸੀ ਕਿ ਓਹ ਕੰਬਲ ਵਿਚੋਂ ਨਿੱਕਲ ਕੇ ਬਾਹਰ ਆ ਜਾਵੇ।

"ਇਹ ਸੂਰਜ ਨੂੰ ਪਤਾ ਨਹੀਂ ਕਿਵੇਂ ਸੱਜਰੇ ਜਾਗ ਆ ਜਾਂਦੀ, ਤੇ ਜੇ ਜਾਗ ਆ ਵੀ ਜਾਂਦੀ ਤਾਂ ਕੰਬਲ ਵਿਚੋਂ ਪਤਾ ਨਹੀਂ ਕਿਵੇਂ ਨਿੱਕਲ ਆਉਂਦਾ" ਕੋਠੜੀ 'ਚੋਂ ਬਾਹਰ ਨਿਕਲ ਅੱਖਾਂ ਮਲਦੇ ਬਿਸ਼ਨੇ ਨੇ ਕਿਹਾ।

"ਕਿਉਂਕਿ ਉਹ ਤੇਰੇ ਵਰਗਾ ਨੇਸਤੀ ਦੀ ਪੰਡ ਨਹੀਂ ਐ' ਤਾਰੋ ਨੇ ਪਿੱਛੋਂ ਆਉਂਦੀ ਨੇ ਬਿਸ਼ਨੇ ਦੇ ਸਿਰ 'ਤੇ ਹਲਕਾ ਜੇਹਾ ਹੱਥ ਮਾਰਿਆ ਤੇ ਉਹ ਖਿੱਝ ਗਿਆ।

"ਕੀ ਐ ਬੀਬੀ....ਅੱਜ ਛੁੱਟੀ ਕਰ ਲੈਣਦੇ ਰੋਜ਼ ਰੋਜ਼ ਸਕੂਲੇ ਭੇਜ ਦੇਨੀ ਐਂ" ਬਿਸ਼ਨੇ ਨੇ ਨੀਆਂਨਪੁਣੇ 'ਚ ਆ ਕੇ ਹੱਥ ਹਵਾ 'ਚ ਮਾਰਦੇ ਹੋਏ ਕਿਹਾ।

“ਪੁੱਤ ਜੇ ਸਕੂਲ ਨਹੀਂ ਜਾਵੇਂਗਾ ਤਾਂ ਵੱਡਾ ਅਫ਼ਸਰ ਕਿਵੇਂ ਬਣੇਂਗਾ ਨਾਲੇ ਤੂੰ ਕਹਿੰਦਾ ਸੀ ਨਾ ਵੀ ਨਵੀਂ ਬੂਸ਼ਟ ਲੈਣੀ.... ਚੱਲ ਤੂੰ ਸਕੂਲ ਚਲਜਾ ਮੈਂ ਅੱਜ ਤੇਰੇ ਲਈ ਨਵੀਂ ਬੂਸ਼ਟ ਲੈ ਕੇ ਆਊਂ” ਤਾਰੋ ਨੇ ਬਿਸ਼ਨੇ ਦੇ ਹੱਥਾਂ ‘ਚ ਚਾਹ ਦਾ ਗਲਾਸ ਫੜਾਉਂਦੀ ਨੇ ਕਿਹਾ।

“ਹਾਂ ਚਲਾ ਈ.., ਵੱਡੀ ਦਿੰਦੀ ਮੈਨੂੰ ਲਾਲਚ” ਬਿਸ਼ਨੇ ਨੇ ਮੂੰਹ ਜੇਹਾ ਬਣਾ ਕੇ ਕਿਹਾ।

ਸਵੇਰ ਦੀ ਰੋਟੀ ਖਾ, ਤੇ ਚਾਹ ਦਾ ਗਲਾਸ ਪੀ, ਬਿਸ਼ਨਾ ਗਲੀ ਦੇ ਬਾਕੀ ਦੋਸਤਾਂ ਨਾਲ ਸਕੂਲ ਵਾਸਤੇ ਨਿਕਲ ਤੁਰਿਆ। ਦੀਵਾਲੀ ਆਉਣ ਵਾਲੀ ਸੀ ਤੇ ਤਾਰੋ ਨੇ ਸਾਰੇ ਘਰ ਦੀ ਸਫਾਈ ਕਰਨੀ ਸੀ, ਐਸੇ ਕਰਕੇ ਉਸਨੇ ਵੀ ਅੱਜ ਕੰਮ ਤੋਂ ਛੁੱਟੀ ਲਈ ਹੋਈ ਸੀ। ਬਿਸ਼ਨੇ ਦੇ ਜਾਣ ਮਗਰੋਂ ਉਹ ਵੀ ਚਾਹ ਦਾ ਗਿਲਾਸ ਭਰ, ਰੋਟੀ ਥਾਲ ‘ਚ ਰੱਖ, ਚੌਂਕੇ ‘ਚ ਹੀ ਖਾਣ ਲਈ ਬੈਠ ਗਈ। ਸੂਰਜ ਥੋੜਾ ਉਪਰ ਚੜ ਆਇਆ ਸੀ ਤੇ ਹੁਣ ਧੁੱਪ ਅੱਖਾਂ ਦੀ ਥਾਵੇਂ ਸਿਰ ‘ਚ ਵੱਜਦੀ ਸੀ। ਪਰ ਮੌਸਮ ‘ਚ ਕੁਝ ਠਾਰ ਹੋਣ ਕਰਕੇ ਧੁੱਪ ਚੰਗੀ ਲੱਗ ਰਹੀ ਸੀ।

ਰੋਟੀ ਖਾਂਦੀ ਖਾਂਦੀ ਉਹ ਇਕ ਟੱਕ ਪੂਰੇ ਘਰ ਨੂੰ ਨਿਹਾਰਨ ਲਗੀ। ਘਰ ਦੀਆਂ ਚਿੱਟੀਆਂ ‘ਤੇ ਸਾਫ ਦਿਸਣ ਵਾਲੀਆਂ ਕੰਧਾਂ, ਬਹੁਤ ਕਹਾਣੀਆਂ ਬਿਆਨ ਕਰਦੀਆਂ ਸਨ, ਬਹੁਤ ਦਰਦਨਾਕ ‘ਤੇ ਕਾਲੀਆਂ ਕਹਾਣੀਆਂ।

ਘਰ ਦੀਆਂ ਕੰਧਾਂ ਨੂੰ ਤਕਦਿਆਂ ਤਾਰੋ ਦੀਆਂ ਅੱਖਾਂ ਭਰ ਆਈਆਂ। ਹੰਝੂ ਖਾਰੇ ਨਹੀਂ, ਲਾਲ ਸਨ। ਇਹਨਾ ਲਾਲ ਹੰਝੂਆਂ ਨਾਲ ਹੀ ਤਾਂ ਇਹ ਘਰ ਲੱਭਿਆ ਸੀ ਉਸਨੇ। ਜੱਦ ਘਰ ਅੰਦਰ ਵੜੀ ਸੀ ਤਾਂ ਇਸ ਘਰ ਦੀਆਂ ਦੀਵਾਰਾਂ ਕਾਲੀ,

ਕਲਿਖ ਤੇ ਲਾਲ ਖ਼ੂਨ ਨਾਲ ਭਰੀਆਂ ਸਨ। ਚੌਂਕੇ ਦੇ ਨਾਲ ਹੀ ਬਣੀ ਕੋਠੜੀ ‘ਚ ਦੋ ਬਜੁਰਗਾਂ ਦੀਆਂ ਦੇਹਾਂ ਪਈਆਂ ਸਨ। ਵੀਹਾਂ ਸਾਲਾਂ ਦੀ ਤਾਰੋ ਦਾ ਨਾਜੁਕ ‘ਤੇ ਮਾਸੂਮ ਦਿਲ ਬਹੁਤ ਕੁਝ ਸਾਹਾਰ ਚੁੱਕਿਆ ਸੀ। ਓਹਨਾ ਬਜੁਰਗਾਂ ਦੀਆਂ ਦੇਹਾਂ ਨੂੰ ਉਸਨੇ ਆਪ ਇਸ ਘਰ ਦੇ ਵਿਹੜੇ ਵਿੱਚ ਸਾੜੀਆਂ ਸੀ। ਉਸਨੂੰ ਇਹ ਘਰ, ਕਦੇ ਘਰ ਲਗਿਆ ਹੀ ਨਹੀਂ ਸੀ, ਸ਼ਮਸ਼ਾਨ ਲਗਿਆ ਸੀ, ਜਿੱਥੇ ਉਸਨੇ ਦੇਹਾਂ ਦਾ ਸੰਸਕਾਰ ਕੀਤਾ ਸੀ। ਇਹ ਘਰ ਉਸਦਾ ਨਹੀਂ, ਓਹਨਾ ਦੇਹਾਂ ਦਾ

ਸੀ, ਓਹਨਾ ਦੇਹਾਂ ਦੇ ਵਾਰਿਸਾਂ ਦਾ ਸੀ। ਉਸਨੂੰ ਸਿਰ ਤੋਂ ਛੱਤ ਜਾਣ ਦਾ ਡਰ ਅਕਸਰ ਸਤਾਉਂਦਾ ਸੀ, ਐਸੇ ਕਰਕੇ ਨਵਾਂ ਘਰ ਲੈਣ ਲਈ ਉਹ ਪੈਸੇ ਜਮ੍ਹਾ ਕਰਦੀ ਸੀ। ਇਹ ਘਰ ਤਾਂ ਉਸਨੂੰ ਖਾਣ ਨੂੰ ਆਉਂਦਾ ਸੀ। ਉਸਨੂੰ ਓਹਨਾ ਦੇਹਾਂ ਦੇ ਚਿਹਰੇ ਅਕਸਰ ਘਰ ਵਿਚ ਦਿਸਦੇ ਸਨ। ਡਰਦੀ ਨਹੀਂ ਸੀ ਉਹ, ਡਰਦੀ ਵੀ ਕਿਉ? ਘਰ ਤਾਂ ਉਹਨਾਂ ਦਾ ਹੀ ਸੀ, ਤਾਰੋ ਤੇ ਬਿਸ਼ਨੇ ਨੇ ਤਾਂ ਕਬਜ਼ਾ ਕੀਤਾ ਸੀ ਉਸ ਉੱਤੇ।

ਦੋ ਮਹੀਨੇ ਹੋ ਗਏ ਸੀ ਉਸਨੂੰ ਇਸ ਘਰ ਵਿਚ ਆਈਆਂ। ਦੇਸ਼ ਦੀ ਅਜ਼ਾਦੀ ਦਾ ਬਹੁਤ ਮਹਿੰਗਾ ਮੁੱਲ ਚੁਕਾਉਣਾ ਪਿਆ ਸੀ ਪੰਜਾਬ ਨੂੰ, ਦੋ ਟੋਟੇ ਹੋ ਕੇ ਅਤੇ ਹੋਰ ਵੀ ਮਹਿੰਗਾ ਮੁੱਲ, ਅਪਣੇ ਪਰਿਵਾਰ ਗਵਾ ਕੇ, ਅਪਣੀ ਜਾਨ, ਅਪਣੇ ਵਸੇ ਵਸਾਏ ਘਰ ਗਵਾ ਕੇ। ਹੁਕਮ ਹੋਇਆ ਕੇ ਸਭ ਮੁਸਲਮਾਨ ਉਸ ਪਾਸੇ ਜਾਣਗੇ ਤੇ ਸਭ ਸਿੱਖ ਇਸ ਪਾਸੇ ਆਉਣਗੇ। ਤਾਰੋ ਅਤੇ ਉਸਦਾ ਪਰਿਵਾਰ ਵੀ ਉਸ ਪਾਸਿਓਂ ਅਪਣਾ ਸਾਰਾ ਕੁੱਝ ਛੱਡ ਕੇ ਇਸ ਪਾਸੇ ਆਉਣ ਲਈ ਕਾਫਿਲੇ ਨਾਲ ਤੁਰ ਪਏ ਸਨ। ਜਿਵੇਂ - ਜਿਵੇਂ ਰਾਹ ਵੱਧ ਰਿਹਾ ਸੀ, ਕਾਫਿਲਾ ਘੱਟਦਾ ਜਾ ਰਿਹਾ ਸੀ। ਲੋਕ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਬਣ ਬੈਠੇ ਸੀ। ਸਭ ਪਾਸੇ ਵੱਢ - ਟੁੱਕ ਹੋ ਰਹੀ ਸੀ, ਅਤੇ ਚੀਕਾਂ ਦੀਆਂ ਅਵਾਜ਼ਾਂ ਨਾਲ ਅਸਮਾਨ ਵੀ ਰੋ ਰਿਹਾ ਸੀ। ਤਾਰੋ ਦੇ ਨਾਲ ਉਸਦੇ ਬੇਬੇ - ਬਾਪੂ ਅਤੇ ਨਿੱਕਾ ਵੀਰ ਬਿਸ਼ਨਾ ਸੀ। ਬਿਸ਼ਨੇ ਨੂੰ ਤਾਂ ਬੇਬੇ ਨੇ ਅਪਣੀ ਚੁੰਨੀ ਹੇਠਾਂ ਲਕੋਇਆ ਸੀ। ਨਿੱਕੀ ਜਾਨ ਇਹ ਸਭ ਦੇਖ ਕੇ ਸਹਿਮ ਜਾਂਦੀ। ਤੁਰਣ ਤੋਂ ਦੋ ਦਿਨਾ ਮਗਰੋਂ ਉਹਨਾਂ ਦਾ ਕਾਫਿਲਾ ਰਸਤੇ ਵਿਚ ਰਾਹ ਕਟਣ ਲਈ ਰੁਕਿਆ ਸੀ। ਹਨੇਰੇ ਵਿਚ ਹੀ ਤਲਵਾਰਾਂ ਲਹਿਰਾਉਂਦੇ ਕੁੱਝ ਲੋਕਾਂ ਨੇ ਕਾਫਿਲੇ ਉਤੇ ਹਮਲਾ ਕਰ ਦਿੱਤਾ ਸੀ। ਨੀਂਦ ਵਿਚੋਂ ਇਕਦਮ ਉਠੇ ਲੋਕਾਂ ਨੂੰ ਕੁੱਝ ਸਮਝ ਨਾ ਆਵੇ। ਤਾਰੋ ਅਤੇ ਬਿਸ਼ਨਾ ਬਹੁਤ ਡਰ ਗਏ ਸੀ। ਮਿੰਟਾ 'ਚ ਹੀ ਭੂਰੀ ਅਤੇ ਹਰੀ ਦਿਸਣ ਵਾਲੀ ਜ਼ਮੀਨ ਲਾਲ ਹੋ ਗਈ। ਬੇਬੇ ਬਾਪੂ ਨੇ ਤਾਰੋ ਨੂੰ ਬਿਸ਼ਨੇ ਨੂੰ ਲੈ ਕੇ ਦੂਰ ਦੌੜਨ ਨੂੰ ਕਿਹਾ, ਤਾਰੋ ਜਾਣਾ ਨਹੀਂ ਸੀ ਚਾਹੁੰਦੀ, ਪਰ ਬੇਬੇ ਦੀਆਂ ਸੌਂਹਾਂ ਨੇ ਉਸਨੂੰ ਜਾਣ ਤੇ ਮਜਬੂਰ ਕਰ ਦਿੱਤਾ ਸੀ। ਤਾਰੋ ਬਿਸ਼ਨੇ ਨੂੰ ਚੱਕ ਥੋੜੀ ਦੂਰੀ ਤੇ ਦਿਸਦੇ ਇਕ ਘਰ ਵਿਚ ਜਾ ਕੇ ਲੁਕ ਗਈ। ਲੋਕਾਂ ਦੀਆਂ ਚੀਕਾਂ ਦੀਆਂ ਅਵਾਜ਼ਾਂ ਉਸ ਘਰ ਤੱਕ ਆ ਰਹੀਆਂ ਸਨ। ਤਾਰੋ ਬੁਰੀ ਤਰ੍ਹਾਂ ਡਰੀ ਪਈ ਸੀ, ਪਰ ਨਿੱਕੇ ਬਿਸ਼ਨੇ ਨੂੰ ਸਾਂਭਣਾ

ਜਿਆਦਾ ਜ਼ਰੂਰੀ ਸੀ। ਉਸਨੇ ਆਪਣੀ ਪੋਟਲੀ ਵਿਚੋਂ ਮਾਂ ਦੀ ਇਕ ਚੁੰਨੀ ਕੱਢੀ ਤੇ ਬਿਸ਼ਨੇ ਨੂੰ ਉਸ ਅੰਦਰ ਲਪੇਟ ਦਿੱਤਾ, ਤੇ ਉਸਨੂੰ ਆਪਣੀ ਗੋਦ ਵਿਚ ਪਾ ਕੇ ਥਾਪੜਨ ਲੱਗੀ, ਤਾਂ ਜੋ ਉਹ ਸੌਂ ਜਾਵੇ। ਬਿਸ਼ਨਾ ਤਾਂ ਸੋ ਗਿਆ, ਪਰ ਤਾਰੋ ਸਾਰੀ ਰਾਤ ਨਾ ਸੌਂ ਸਕੀ।

ਬਿਸ਼ਨਾ ਬੱਚਾ ਸੀ, ਵਕਤ ਨਾਲ ਸਭ ਭੁੱਲ ਗਿਆ, ਪਰ ਤਾਰੋ ਆਪਣੇ ਬੇਬੇ ਬਾਪੂ ਤੋਂ ਵਿਛੜਨਾ, ਡਰ ਦੇ ਹਨੇਰੇ ਵਾਲੀ ਉਹ ਰਾਤ  ਕਦੇ ਨਹੀਂ ਸੀ ਭੁੱਲ ਸਕਦੀ। ਇਹੀ ਸੀ ਉਹ ਘਰ, ਜਿੱਥੇ ਆ ਕੇ ਓਹ ਲੁਕੇ ਸੀ। ਉਸ ਵਕ਼ਤ ਨੇੜੇ ਤੇੜੇ ਦੇ ਘਰ ਖਾਲੀ ਸਨ, ਪਰ ਹੌਲੀ - ਹੌਲੀ ਭੱਟਕੇ ਲੋਕ ਆਏ ਤੇ ਸਭਨਾ ਨੇ ਆਪਣੇ - ਆਪਣੇ ਘਰ ਵਸਾ ਲਏ। ਇਹਨਾ ਘਰਾਂ ਵਿੱਚ ਸਿਰਫ ਇਕੋ ਘਰ ਸੀ, ਤਾਰੋ ਦੇ ਨਾਲਦਾ ਘਰ, ਜਿੱਥੇ ਇਕ ਬ੍ਰਾਹਮਣ ਤੇ ਬ੍ਰਾਹਮਣੀ ਰਹਿੰਦੇ ਸਨ। ਬੜੇ ਪਵਿੱਤਰ ਅਤੇ ਸਾਫ ਦਿਲ ਲੋਕ ਸਨ। ਤਾਰੋ ਨੂੰ ਬਿਲਖਦੀ ਨੂੰ ਬ੍ਰਾਹਮਣੀ ਨੇ ਹੀ ਤਾਂ ਸਾਂਭਿਆ ਸੀ। ਮੁੜ ਘਰ ਵਸਾਉਣ ਵਿੱਚ ਉਸਦੀ ਮਦਦ ਕੀਤੀ ਸੀ। ਬ੍ਰਾਹਮਣ, ਜਿਸਨੂੰ ਉਹ ਸ਼ਰਮਾ ਜੀ ਕਹਿੰਦੀ ਸੀ, ਉਸਨੇ ਰੌਲਾ ਸ਼ਾਂਤ ਹੋਣ ਮਗਰੋਂ ਤਾਰੋ ਨੂੰ ਤਹਿਸੀਲਦਾਰ ਦੇ ਦਫ਼ਤਰ ਨੌਕਰੀ ‘ਤੇ ਲਵਾ ਦਿੱਤਾ ਸੀ। ਤਾਰੋ ਲਈ ਤਾਂ ਉਹ ਰੱਬ ਰੂਪੀ ਬੰਦੇ ਸਨ। ਸ਼ਰਮਾਣੀ ( ਬ੍ਰਾਹਮਣੀ ) ਅਕਸਰ ਤਾਰੋ ਨੂੰ ਕ੍ਰਿਸ਼ਨ ਕਥਾ ਸੁਣਾਇਆ ਕਰਦੀ ਸੀ। ਜਦੋਂ ਉਸ ਕਥਾ ਵਿੱਚ ਯਸ਼ੋਧਾ ਦਾ ਜ਼ਿਕਰ ਆਉਂਦਾ ਤਾਂ ਤਾਰੋ ਨੂੰ ਸ਼ਰਮਾਣੀ ਯਸ਼ੋਧਾ ਵਰਗੀ ਲਗਦੀ। ਜਿਸਨੇ ਭਾਵੇਂ ਉਸਨੂੰ ਜਨਮ ਨਹੀਂ ਸੀ ਦਿੱਤਾ ਪਰ ਮੌਤ ਦੇ ਮੂੰਹੋਂ ਨਿਕਲੀ ਤਾਰੋ ਨੂੰ ਮੁੜ ਜਿਊਣਾ ਸਿਖਾਇਆ ਸੀ।

ਯਾਦਾਂ ਦੇ ਗਹਿਰੇ ਖੂਹ ਵਿਚੋਂ ਤਾਰੋ ਬਾਹਰ ਨਿਕਲੀ ਤਾਂ ਯਾਦ ਆਇਆ ਵੀ ਘਰ ਵੀ ਸਾਫ ਕਰਨਾ ਸੀ। ਘਰ, ਜਾਨੀ ਉਹ ਕੋਠੜੀ, ਜਿੱਥੇ ਉਹ ਇਕੱਲੀ ਜਾਣ ਤੋਂ ਵੀ ਕਤਰਾਉਂਦੀ ਸੀ। ਜਿੱਦਾਂ - ਕਿੱਦਾਂ ਮਨ ਮਾਰ ਕੇ ਉਠੀ, ਝਾੜੂ ਚਕਿਆ ਤੇ ਕੋਠੜੀ ਵੱਲ ਨੂੰ ਤੁਰ ਪਈ। ਕੋਠੜੀ ਵੇਖਣ ਨੂੰ ਤਾਂ ਚਿੱਟੀ ਰੰਗਦਾਰ ਰੌਸ਼ਨੀ ਨਾਲ ਭਰੀ ਹੋਈ ਸੀ, ਪਰ ਤਾਰੋ ਨੂੰ ਅੰਦਰ ਹਨੇਰਾ ਹੀ ਹਨੇਰਾ ਦਿਸਦਾ ਸੀ। ਉਸਨੇ ਏਧਰ - ਓਧਰ ਦੇਖਿਆ ਤੇ ਝਾੜੂ ਮਾਰਨ ਲੱਗੀ। ਤੇਜ਼ - ਤੇਜ਼ ਹਥਾਂ ਨੂੰ ਚਲਾ ਉਸਨੇ ਅੱਧੇ ਘੰਟੇ ‘ਚ ਸਾਰੀ ਸਫਾਈ ਮੁਕਾ ਲਈ ਤੇ ਕੋਠੜੀ ‘ਚੋਂ ਬਾਹਰ ਨਿਕਲ ਸੁਖ ਦਾ ਸਾਹ ਲਿਆ। ਕੋਠੜੀ ਦੇ ਸਫਾਈ ਮਗਰੋਂ ਚੌਂਕੇ ਦੀ ਲੀਪਾ ਪੋਤੀ ਕਰ, ਸਾਰੇ ਘਰ ਨੂੰ ਸਵਾਰ, ਉਹ ਬਾਹਰ

ਵਿਹੜੇ ‘ਚ ਮੰਜੀ ਡਾਹ ਕੇ ਬੈਠ ਗਈ। ਤਿੱਖੀ ਧੁੱਪ ਚੰਗੀ ਲੱਗੀ ਤੇ ਉਹ ਸੂਰਜ ਦਾ ਮਾਂ ਰੂਪੀ ਸੇਕ ਮਾਣਦੀ ਸੌਂ ਗਈ। ਕੁੱਝ ਵਕਤ ਬਾਅਦ ਘਰ ਦਾ ਦਰਵਾਜਾ ਖੜਕਿਆ, ਤਾਰੋ ਨੇ ਉਠ ਦਰਵਾਜਾ ਖੋਲਿਆ ਤਾਂ ਬਾਹਰ ਬਿਸ਼ਨਾ ਖੜਾ ਸੀ। ਇਹ ਵਕ਼ਤ ਤਾਂ ਨਹੀਂ ਸੀ ਉਸਦੇ ਆਉਣ ਦਾ, ਤਾਰੋ ਨੇ ਬੇਵਕਤ ਆਉਣ ਦਾ ਕਾਰਣ ਪੁੱਛਿਆ ਤਾਂ ਉਹ ਬੋਲਿਆ, “ ਅੱਜ ਤੋਂ ਸਕੂਲੇ ਛੁੱਟੀਆਂ ਹੋ ਗਈਆਂ ਨੇ, ਤੇ ਅੱਜ ਵੀ ਅੱਧੀ ਛੁੱਟੀ ਭੇਜ ਦਿੱਤਾ, ਚਲ ਰੋਟੀ ਬਣਾ ਕੇ ਖਵਾ ਮੈਨੂੰ ਭੁੱਖ ਲੱਗੀ ਐ” ਬਿਸ਼ਨਾ ਕੁਝ ਥਕਿਆ ਹੋਇਆ ਲੱਗ ਰਿਹਾ ਸੀ। ਤਾਰੋ ਨੇ ਉਸਨੂੰ ਲੀੜੇ ਬਦਲਣ ਨੂੰ ਕਿਹਾ ਤੇ ਆਪ ਰੋਟੀ ਬਣਾਉਣ ਚੌਂਕੇ ‘ਚ ਵੜ ਗਈ।

ਸ਼ਰੀਰ ਥਕਿਆ ਹੋਵੇ ਤਾਂ ਸੌਂ ਕੇ ਆਰਾਮ ਆ ਜਾਂਦਾ, ਪਰ ਮਨ ਥਕੇ ਦਾ ਕੀ ਕਰੇ ਕੋਈ? ਅਪਣਾ ਪਰਿਵਾਰ ਗਵਾਉਣ ਮਗਰੋਂ ਤਾਰੋ ਵੀ ਮਨੋ ਥੱਕ ਟੁੱਟ ਚੁੱਕੀ ਸੀ, ਪਰ ਨਿੱਕੇ ਵੀਰ ਨੂੰ ਵੇਖ ਉਸ ਵਿਚ ਜਾਣ ਪੈ ਜਾਂਦੀ। ਬਿਸ਼ਨੇ ਉੱਤੋਂ ਤਾਂ ਤਾਰੋ ਜਾਨ ਵਾਰਦੀ ਸੀ, ਤੇ ਬਿਸ਼ਨਾ ਤਾਂ ਆਪ ਆਪਣੀ ਭੈਣ ਦਾ ਮਿੰਟ ਦਾ ਵਸਾਹ ਨਾ ਖਾਂਦਾ। ਤਾਰੋ ਕੰਮ ਕਰਦੀ ਥੱਕੀ ਹੋਈ ਵੀ ਬਿਸ਼ਨੇ ਲਈ ਗਰਮ ਗਰਮ ਰੋਟੀ ਬਣਾ ਉਸਨੂੰ ਖਵਾਉਣ ਬੈਠ ਗਈ।

“ਬੇਬੇ ਤੂੰ ਨੀ ਖਾਂਦੀ...” ਬਿਸ਼ਨੇ ਨੇ ਕਿਹਾ।

“ਪੁੱਤ ਤੂੰ ਖਾਲਾ ਪਹਿਲਾਂ ਮੈਂ ਫੇਰ ਖਾ ਲਊਂ” ਤਾਰੋ ਨੇ ਉਸਦੇ ਮੂੰਹ ਵਿੱਚ ਬੁਰਕੀ ਪਾਉਂਦੀ ਨੇ ਕਿਹਾ।

ਬਿਸ਼ਨੇ ਨੇ ਥਾਲ ‘ਚ ਪਈ ਰੋਟੀ ਦੀ ਬੁਰਕੀ ਤੋੜੀ ਤੇ ਸਬਜੀ ਲਾ ਤਾਰੋ ਵੱਲ ਵਧਾਉਂਦਿਆ ਕਿਹਾ, “ਚੱਲ ਅੱਜ ਇੱਕਠੇ ਰੋਟੀ ਖਾਂਦੇ ਆਂ” ਤਾਰੋ ਨੇ ਭਰੀਆਂ ਅੱਖਾਂ ਨਾਲ ਬੁਰਕੀ ਮੂੰਹ ਵਿੱਚ ਪਾ ਲਈ ਤੇ ਦੋਵੇਂ ਇੱਕ ਦੂਜੇ ਵੱਲ ਵੇਖ ਮੁਸਕਰਾਉਣ ਲੱਗੇ।

---

ਅੱਜ ਦੀਵਾਲੀ ਸੀ। ਸਾਰੇ ਮੁਹੱਲੇ ਦੇ ਘਰ ਅਲੱਗ ਹੀ ਚਮਕ ਰਹੇ ਸਨ। ਕਿਸੇ ਦੇ ਘਰ ਮੂਹਰੇ ਰੰਗ ਬਰਿੰਗੀਆਂ ਲੜ੍ਹੀਆਂ, ਕਿਸੇ ਦੇ ਦੀਵੇ, ਕਿਸੇ ਦੇ ਖ਼ੂਬਸੂਰਤ ਰੰਗਦਾਰ ਬੱਤੀਆਂ ਲੱਗੀਆਂ ਸਨ, ਸਭ ਦੇ ਖੁਸ਼ੀ ਦੇ ਪ੍ਰਗਟਾਵੇ ਦੇ ਅਲਗ ਮਾਇਨੇ ਸਨ। ਬੱਚੇ ਸਜੇ - ਧਜੇ ਗਲੀਆਂ ਦੀ ਰੌਣਕ ਵਧਾ ਰਹੇ ਸਨ। ਸਭ ਬਾਹਰ ਨਿਕਲ ਆਪੋ - ਆਪਣੇ ਘਰਾਂ ਦੀ ਸਜਾਵਟ ਕਰਨ ਵਿੱਚ ਰੁੱਝੇ ਹੋਏ ਸਨ। ਖੁਸੀਆਂ ਦੀ ਮਹਿਕ ਸਾਰੇ ਮੁਹੱਲੇ ਵਿੱਚ ਖਿਲਰੀ ਪਈ ਸੀ। ਬੜੀ ਔਖੀ ਘੜੀ ਹੰਢਾਉਣ ਮਗਰੋਂ ਕੀਤੇ ਖੁਸ਼ੀ ਮਨਾਉਣ ਦਾ ਵਕ਼ਤ ਜੋ ਆਇਆ ਸੀ। ਭਰੇ ਪੂਰੇ ਪਰਿਵਾਰਾਂ ਵਾਲੇ ਤਾਂ ਖੁਸ਼ੀਆਂ ਵਿੱਚ ਰੁੱਝੇ ਸਨ, ਪਰ ਬਿਖਰੇ ਪਏ ਪਰਿਵਾਰ, ਲੋਕ, ਖੁਸ਼ੀਆਂ ਲੱਭ ਰਹੇ ਸਨ, ਪੂਰੀ ਕੋਸ਼ਿਸ਼ ਨਾਲ, ਜਿਵੇਂ ਤਾਰੋ ਸੀ। ਦੁਖਾਂ ਦੇ ਹੜ ਮਗਰੋਂ ਜੇ ਫੇਰ ਸੋਕੇ ਪੈ ਜਾਣ, ਤਾਂ ਇਨਸਾਨ ਉਹਨਾਂ ਸੋਕਿਆਂ ਦੀ ਮਾਰ ਝਲਦੀ ਤਰੇੜਾਂ ਭਰੀ ਜ਼ਮੀਨ ਵਰਗਾ ਹੋ ਜਾਂਦਾ ਹੈ। ਬਿਸ਼ਨੇ ਨੂੰ ਖੁਸ਼ ਦੇਖ ਤਾਰੋ ਵੀ ਖੁਸ਼ ਦਿਸਣ ਦੀ ਪੂਰੀ ਕੋਸ਼ਿਸ਼ ਵਿਚ ਸੀ। ਓਹ ਚੌਂਕੇ 'ਚ ਬੈਠੀ ਆਟੇ ਦਾ ਕੜਾਹ ਬਣਾ ਰਹੀ ਸੀ, ਜੋ ਅਕਸਰ ਉਸਦੀ ਬੇਬੇ ਹਰ ਦਿਨ ਤਿਉਹਾਰ ਤੇ ਬਣਾਉਂਦੀ ਹੀ ਸੀ। ਓਸ ਕੜਾਹ ਦੀ ਖੁਸ਼ਬੂ ਉਸਨੂੰ ਅੱਜ ਵੀ ਯਾਦ ਸੀ। ਕੜਾਹੀ ਵਿਚ ਪਿਆ ਆਟਾ ਭੁੱਜ ਚੁੱਕਾ ਸੀ ਤੇ ਲਾਲ ਹੋ ਹਲਕੀ - ਹਲਕੀ ਖੁਸ਼ਬੂ ਵਿਚ ਹਵਾ ਨੂੰ ਲਪੇਟ ਰਿਹਾ ਸੀ। ਆਟਾ ਭੁਜਿਆ ਦੇਖ ਤਾਰੋ ਵਿਚ ਪਾਣੀ ਪਾਉਣ ਲੱਗ ਪਈ। ਨਾਲ ਹੀ ਦਰਵਾਜਾ ਖੜਕਿਆ। ਬਿਸ਼ਨੇ ਨੇ ਜਾ ਦਰਵਾਜਾ ਖੋਲਿਆ ਤਾਂ ਬਾਹਰ ਸ਼ਰਮਾਣੀ ਜੀ ਵੱਡੇ ਸਾਰੇ ਥਾਲ ਨੂੰ ਹਥਾਂ ਵਿਚ ਫੜ ਖੜੀ ਸੀ।

"ਸ਼ਰਮਾਣੀ ਬੀਬੀ....!!!!" ਖੁਸ਼ ਹੋ ਕੇ ਬਿਸ਼ਨਾ ਸ਼ਰਮਾਣੀ ਨਾਲ ਲਿਪਟ ਗਿਆ।

"ਬਿਸ਼ਨ ਬੇਟੇ ਕੈਸੇ ਹੋ?" ਸ਼ਰਮਾਣੀ ਨੇ ਉਸਦੀ ਥੋਡੀ ਤੇ ਉਂਗਲ ਰੱਖ ਉਸਦਾ ਚਿਹਰਾ ਉਪਰ ਕਰਦੀ ਨੇ ਕਿਹਾ।

"ਮੈਂ ਬਹੁਤ ਵਧੀਆ, ਆਹ ਵੇਖੋ ਨਵੀਂ ਬੂਸ਼ਟ, ਬੇਬੇ ਨੇ ਲਿਆ ਕੇ ਦਿੱਤੀ" ਉਹ ਬੂਸ਼ਟ ਖਿੱਚ ਖਿੱਚ ਕੇ ਸ਼ਰਮਾਣੀ ਨੂੰ ਦਿਖਾਉਣ ਲਗਿਆ।

"ਤਾਰੋ ਕਾਹਾਂ ਹੈ?" ਸ਼ਰਮਾਣੀ ਨੇ ਬਿਸ਼ਨ ਦੇ ਸਿਰ ਤੇ ਹੱਥ ਫੇਰਦਿਆਂ ਪੁੱਛਿਆ।

"ਚੌਂਕੇ 'ਚ ਕੜਾਹ ਬਣਾਉਂਦੀ" ਬਿਸ਼ਨੇ ਨੇ ਮੂੰਹ ਸਵਰਦਿਆਂ ਕਿਹਾ।

"ਤਾਰੋ.... ਓ ਤਾਰੋ..." ਸ਼ਰਮਾਣੀ ਤਾਰੋ ਨੂੰ ਵਜਾਂ ਮਾਰਦੀ ਅੰਦਰ ਵੜ ਆਈ।

"ਸਤ ਸ੍ਰੀ ਅਕਾਲ ਸ਼ਰਮਾਣੀ ਜੀ" ਤਾਰੋ ਨੇ ਚੌਂਕੇ 'ਚੋਂ ਹੀ ਆਵਾਜ਼ ਮਾਰਦੀ ਨੇ ਕਿਹਾ।

ਸ਼ਰਮਾਣੀ ਚੌਂਕੇ 'ਚ ਜਾ ਤਾਰੋ ਕੋਲ ਬੈਠ ਗਈ ਤੇ ਥਾਲ 'ਤੋਂ ਕਪੜਾ ਚੱਕਦੀ ਨੇ ਕਿਹਾ "ਯੇ ਲੱਡੂ ਬਨਾਏ ਥੇ ਬੇਸਨ ਕੇ ਆਜ ਮੈਨੇ, ਜ਼ਰਾ ਚਖ ਕਰ ਬਤਾਓ ਤੋ ਕੈਸੇ ਬਨੇ ਹੈਂ?"

ਤਾਰੋ ਨੇ ਕੜਛੀ ਛੱਡੀ ਤੇ ਲੱਡੂ ਪੂਰਾ ਮੂੰਹ 'ਚ ਪਾ ਲਿਆ।

"ਵਾਹ, ਸ਼ਰਮਾਣੀ ਜੀ....ਬਾਹਲੇ ਸਵਾਦੀ ਨੇ ਬੇਬੇ ਚੇਤੇ ਆ ਗਈ" ਕਹਿੰਦੇ - ਕਹਿੰਦੇ ਲੱਡੂਆਂ ਦਾ ਸਵਾਦ ਜਿਵੇਂ ਫਿੱਕਾ ਜਿਹਾ ਜਾਪਣ ਲਗਿਆ।

"ਮੈਂ ਭੀ ਤੋ ਤੇਰੀ ਬੇਬੇ ਹੀ ਹੂੰ.." ਸ਼ਰਮਾਣੀ ਨੇ ਤਾਰੋ ਨੂੰ ਦੁਖੀ ਹੁੰਦਿਆਂ ਦੇਖਦਿਆਂ ਕਿਹਾ ਤੇ ਤਾਰੋ ਦੇ ਚਿਹਰੇ 'ਤੇ ਨਕਲੀ ਜਿਹਾ ਹਾਸਾ ਦੌੜ ਪਿਆ।

ਮੌਤ ਸਿਰਫ ਸਾਡੇ ਤੋਂ ਮਰਨ ਵਾਲੇ ਦੀ ਹੋਂਦ ਲੈ ਜਾਂਦੀ ਹੈ, ਉਸ ਨਾਲ ਜੁੜੇ ਅਹਿਸਾਸ ਨਹੀਂ। ਤਾਰੋ ਨੂੰ ਵੀ ਬੇਬੇ - ਬਾਪੂ ਦਾ ਅਕਸ ਸਦਾ ਸ਼ਰਮਾ ਤੇ ਸ਼ਰਮਾਣੀ ਜੀ ਦੇ ਰੂਪ ਵਿਚ ਆਪਣੇ ਨਾਲ ਹੀ ਦਿਸਦਾ। ਲੱਡੂਆਂ ਦਾ ਥਾਲ ਤਾਰੋ ਨੂੰ ਦੇ, ਸ਼ਰਮਾਣੀ ਅਪਣੇ ਘਰ ਦੇ ਬਾਕੀ ਕੰਮ ਖਤਮ ਕਰਣ ਚਲੀ ਗਈ। ਤਾਰੋ ਵੀ ਕੜਾਹ ਬਣਾ ਥਾਲੀ ਵਿੱਚ ਰੱਖ ਜ਼ਰਾ ਕੁ ਕੋਸਾ ਹੋਣ ਲਈ ਰੱਖ, ਕੱਲ ਰਾਤ ਦੇ ਭਿਓੂਏਂ ਹੋਏ ਦੀਵੇ ਪਾਣੀ 'ਚੋਂ ਕੱਢ ਧੁੱਪੇ ਰੱਖਣ ਲਗੀ। ਬੇਬੇ ਦੀ ਕਹੀ ਹਰ ਗੱਲ, ਓਸਦਾ ਸਿਖਾਇਆ ਹਰ ਕੰਮ ਤਾਰੋ ਨੂੰ ਬਾਖੂਬੀ ਯਾਦ ਸੀ। ਬਿਸ਼ਨੇ ਨੂੰ ਵੀ ਉਹ ਬੇਬੇ ਵਾਂਗਰਾਂ ਹੀ ਲਾਡ ਕਰਦੀ, ਐਸੇ ਕਰਕੇ ਤਾਂ ਉਹ ਉਸਨੂੰ 'ਬੇਬੇ' ਆਖਦਾ ਸੀ।

ਸੂਰਜ ਡੁੱਬਦਾ - ਡੁੱਬਦਾ ਸਾਰੇ ਅਸਮਾਨ ਨੂੰ ਲਾਲ ਰੰਗਾਂ 'ਚ ਰੰਗ ਰਿਹਾ ਸੀ ਅਤੇ ਆਪਣੇ ਜਾਣ ਨਾਲ ਰਾਤ ਦੇ ਆਉਣ ਦਾ ਫ਼ਰਮਾਨ ਸੁਣਾ ਰਿਹਾ ਸੀ। ਰੋਸ਼ਨੀ ਨਾਲ ਭਰੇ ਹੋਏ ਘਰ ਜਿਵੇਂ ਮੱਸਿਆ ਦੀ ਰਾਤ ਨੂੰ ਅੱਖਾਂ ਦਿਖਾ ਰਹੇ ਹੋਣ। ਸਭ ਪਾਸੇ ਹਾਸੇ ਖਿਲਰੇ ਪਏ ਸੀ। ਬਿਸ਼ਨੇ ਦੇ ਬਹੁਤ ਜ਼ਿਦ ਕਰਣ ਤੇ ਤਾਰੋ ਨੇ ਓਹ ਨਵਾਂ ਸੂਟ ਪਾਇਆ ਸੀ ਜੋ ਸ਼ਰਮਾਣੀ ਨੇ ਮਹੀਨੇ ਪਹਿਲਾ ਤਾਰੋ ਨੂੰ ਉਸਦੇ ਜਨਮਦਿਨ 'ਤੇ ਦਿੱਤਾ ਸੀ। ਓਸ ਬਦਾਮੀ ਰੰਗ ਦੇ ਸੂਟ ਵਿੱਚ ਤਾਰੋ ਦਾ ਦੁੱਧ ਚਿੱਟਾ ਰੂਪ ਹੋਰ ਵੀ ਸੋਹਣਾ ਲੱਗ ਰਿਹਾ ਸੀ। ਜਿਵੇਂ ਹੀ ਉਹ ਦੀਵੇ ਲੈ ਬਾਹਰ ਨਿਕਲੀ ਸ਼ਰਮਾਣੀ ਉਸਨੂੰ ਦੇਖਦੀ ਹੀ ਰਹਿ ਗਈ। ਉਸਨੇ ਤਾਰੋ ਦਾ ਇੰਨਾ ਸੋਹਣਾ ਰੂਪ ਪਹਿਲੀ ਵਾਰ ਵੇਖਿਆ ਸੀ। ਸ਼ਰਮਾਣੀ ਨੇ ਆਪਣੀ ਅੱਖ ਦੇ ਸੁਰਮੇ ਵਿਚੋਂ ਜ਼ਰਾ ਜਿਹਾ ਸੁਰਮਾ ਉਂਗਲ ਤੇ ਲਾਇਆ ਤੇ ਤਾਰੋ ਦੇ ਕੰਨ ਮਗਰੇ ਕਾਲਾ ਟਿੱਕਾ ਲਾਉਂਦੀ ਨੇ ਕਿਹਾ, "ਨਜ਼ਰ ਨਾ ਲੱਗ ਜਾਏ ਮੇਰੀ ਫੂਲ ਸੀ ਬੇਟੀ ਕੋ.." ਤੇ ਤਾਰੋ ਦੀਆਂ ਗਲਾਂ ਸੁਰਖ ਲਾਲ ਹੋ ਗਇਆ। ਸ਼ਰਮਾਣੀ, ਤਾਰੋ ਤੇ ਬਿਸ਼ਨਾ ਤਿੰਨੇ ਦੀਵੇ ਬਾਲਣ ਲਈ ਤੁਰ ਪਏ। ਪਹਿਲਾਂ ਸ਼ਰਮਾਣੀ ਨਾਲ ਮੰਦਰ ਗਏ ਤੇ ਫਿਰ ਗੁਰੂਦਵਾਰੇ। ਗੁਰੂ ਸਾਹਿਬਾਨ ਨੂੰ ਮੱਥਾ ਟੇਕ ਜਦੋਂ ਤਾਰੋ ਬਾਹਰ ਦੀਵੇ ਬਾਲਣ ਆਈ ਤਾਂ ਬੜਾ ਹੀ ਪਛਾਤਾ ਜਿਹਾ ਹੱਥ ਕਿਸੇ ਨੇ ਉਸਦੇ ਮੋਢੇ ਉੱਤੇ ਧਰਿਆ। ਤਾਰੋ ਨੇ ਇਕਦੱਮ ਪਿੱਛੇ ਮੁੜ ਵੇਖਿਆ ਤਾਂ ਕੋਈ ਫਟੇ ਜਿਹੇ ਲੀੜੇਆਂ ਵਾਲਾ ਆਦਮੀ ਉਸ ਵੱਲ ਅੱਖਾਂ ਭਰ ਵੇਖ ਰਿਹਾ ਸੀ। "ਲਾਡੋ..." ਉਸ ਆਦਮੀ ਨੇ ਭਰੇ ਹੋਏ ਗਲੇ ਨਾਲ ਤਾਰੋ ਨੂੰ ਕਿਹਾ ਤਾਂ ਉਹ ਸੁੰਨ ਜਿਹੀ ਹੋ ਖੜੀ ਹੋ ਗਈ। ਲਾਡੋ ਨਾਮ ਨਾਲ ਸਿਰਫ ਉਸਦਾ ਬਾਪੂ ਹੀ ਉਸਨੂੰ ਬੁਲਾਉਂਦਾ ਸੀ। ਬੜੀ ਔਖੀ ਹੋ ਭਰੇ ਜਿਹੇ ਗਲੇ ਤੇ ਭਰੀਆਂ ਅੱਖਾਂ ਨਾਲ ਤਾਰੋ ਬੋਲੀ "ਬਾਪੂ?" ਤੇ ਆਦਮੀ ਨੇ ਹਾਂ ਵਿਚ ਸਿਰ ਹਿਲਾ ਦਿੱਤਾ। ਤਾਰੋ ਘੁੱਟ ਕੇ ਆਪਣੇ ਬਾਪੂ ਦੇ ਗਲ ਲੱਗ ਗਈ ਤੇ ਭੁੰਬਾ ਮਾਰ ਉੱਚੀ - ਉੱਚੀ ਰੋਣ ਲੱਗੀ। ਰੋਂਦੀ ਨੂੰ ਸਾਹ ਲੈਣਾ ਵੀ ਔਖਾ ਹੋਈ ਜਾਂਦਾ ਸੀ। ਸਭ ਦਾ ਧਿਆਨ ਇਸ ਪਿਓ ਧੀ ਦੇ ਖ਼ੂਬਸੂਰਤ ਮੇਲ ਤੇ ਟਿਕ ਗਿਆ। ਸਭ ਨੇ ਅੱਖਾਂ ਭਰ ਲਈਆਂ। ਹਰ ਜੋ ਇਨਸਾਨ ਉਥੇ ਖੜਾ ਸੀ, ਉਸਨੇ ਆਪਣਾ ਕੋਈ ਨਾ ਕੋਈ ਗਵਾਇਆ ਸੀ।

ਮਰੇ ਹੋਏ ਇਨਸਾਨ ਦੇ ਵਾਪਸ ਆਉਣ ਦੀ ਉਮੀਦ ਕਦੇ ਕੋਈ ਨਹੀਂ ਕਰਦਾ, ਪਰ ਜੇ ਕਦੇ ਉਹ ਮਰਿਆ ਇਨਸਾਨ ਮੁੜ ਆਵੇ ਫੇਰ? ਖੁਸ਼ੀ ਸ਼ਬਦਾਂ ਤੋਂ ਵੀ ਕਿਤੇ ਪਰੇ ਹੁੰਦੀ।

ਅੱਖਾਂ 'ਚ ਹੰਝੂ ਲੈ ਦੋਵੇਂ ਇਕ ਦੂਜੇ ਦੇ ਗੱਲ ਲੱਗ ਕਿੰਨੀ ਦੇਰ ਤੱਕ ਰੋਂਦੇ ਰਹੇ, ਜਿਵੇਂ ਇਹਨਾਂ ਦੋ ਮਹੀਨਿਆਂ 'ਚ ਹੰਢਾਈ ਹਰ ਤਕਲੀਫ ਨੂੰ ਹੰਝੂ ਬਣਾ ਵਹਾ ਦੇਣਾ ਚਾਹੁੰਦੇ ਹੋਣ। ਅਸਲ ਵਿੱਚ ਤਾਰੋ ਤੇ ਉਸਦੇ ਬਾਪੂ ਲਈ ਇਹ ਬੰਦੀਛੋੜ ਦਿਵਸ ਓਹਨਾ ਦੇ ਹੰਢਾਏ ਹਰ ਦੁੱਖ , ਹਰ ਤਕਲੀਫ ਜਿਸ ਵਿਚ ਉਹ ਬੰਦੀ ਬਣੇ ਬੈਠੇ ਸੀ, ਉਸਦੀਆਂ ਬੇੜੀਆਂ ਨੂੰ ਤੋੜ, ਅਜ਼ਾਦ ਹੋਣ ਦਾ ਦਿਵਸ ਸੀ।

..............
ਅਨਮੋਲ ਕੌਰ



1947 ਦੀ ਇੱਕ ਯਾਦ-

# ਤਾਏ ਗੋਪਾਲ ਦਾ ਘੋੜਾ

-ਓਮਕਾਰ ਸੂਦ ਬਹੋਨਾ



ਉਸ ਦਿਨ ਤਾਇਆ ਗੋਪਾਲ ਚੰਦ ਨਿਮੋਝੂਣਾ ਜਿਹਾ ਉਦਾਸ ਬੈਠਾ ਸੀ।ਮੈਂ ਤਾਏ ਨੂੰ ਚਾਹ ਫੜਾਉਂਦਿਆਂ ਪੁੱਛਿਆ-ਕੀ ਗੱਲ ਤਾਇਆ ਜੀ,ਕੁਝ ਨੀਰਜ ਜਿਹੇ ਲੱਗ ਰਹੇ ਓ! ਤਾਂ ਤਾਇਆ ਰਵਾਂਸੀ ਜਿਹੀ ਅਵਾਜ ਵਿੱਚ ਪੋਲੇ ਜਿਹੇ ਮੂੰਹ ਨਾਲ ਬੋਲਿਆ,"ਨਹੀਂ ਪੁੱਤ ਤੈਨੂੰ ਊਂ ਹੀ ਵਹਿਮ ਜਿਹਾ ਹੋ ਗਿਆ।ਊਂ ਉਦਾਸੀ ਵਾਲੀ ਕੋਈ ਗੱਲ ਨਹੀਂ ਹੈ" ਕਹਿ ਕੇ ਸੋਚੀਂ ਡੁੱਬੇ ਤਾਏ ਨੇ ਅਚੇਤ ਹੀ ਗਿਲਾਸੀ ਵਿੱਚੋਂ ਚਾਹ ਦਾ ਸੜਾਕਾ ਮਾਰਿਆ।ਚਾਹ ਤੱਤੀ ਹੋਣ ਕਰਕੇ ਤਾਏ ਦਾ ਮੂੰਹ ਸੁੰਗੜ ਜਿਹਾ ਗਿਆ।ਤਾਏ ਦੀਆਂ ਅੱਖਾਂ ਮੀਚੀਆਂ ਗਈਆਂ।ਅੱਖਾਂ 'ਚੋਂ ਪਾਣੀ ਸਿੰਮ ਆਇਆ। ਤਾਇਆ ਚਿੜੇ ਵਾਂਗ ਮੂੰਹ ਜਿਹਾ ਅੱਡ ਕੇ ਬੋੜੇ ਮੂੰਹ ਨੂੰ ਠਾਰਦਾ ਹੋਇਆ ਬੁੜਬੜਾਇਆ-" ਮੂੰਹ ਈ ਮੱਚ ਜਾਣਾ ਸੀ ਸਹੁਰੀ ਦਾ।"

ਮੈਂ ਕਿਹਾ, " ਤਾਇਆ ਜੀ । ਹੌਲੀ-ਹੌਲੀ ਘੁੱਟਾਂ ਭਰੋ। ਜਿਆਦਾ ਤੱਤਾ ਲੱਕਿਆਂ ਮੂੰਹ ਲੂਸਿਆ ਜਾਂਦਾ ਏ "

"ਹਾਂ" ਕਹਿ ਕੇ ਤਾਏ ਨੇ ਆਪਣੀ ਗੱਲ ਦਾ ਮੁੱਢ ਜਿਹਾ ਬੰਨ੍ਹ ਲਿਆ। ਮੈਂ ਵੀ ਸੂਤ ਹੋ ਕੇ ਤਾਏ ਦੇ ਮੰਜੇ ਦੀ ਪੈਂਦ ਵਾਲੇ ਪਾਸੇ ਬੈਠ ਗਿਆ। ਤਾਏ ਨੇ ਫੂਕ ਮਾਰ ਕੇ ਚਾਹ ਦੀ ਘੁੱਟ ਭਰੀ ਤੇ ਆਪਣੀ ਗੱਲ ਸੁਣਾ ਕੇ ਆਪਣੇ ਦਿਲ ਦਾ ਭਾਰ ਹਲਕਾ ਕਰਨਾ ਸ਼ੁਰੂ ਕਰ ਦਿੱਤਾ। "ਪੁੱਤਰਾ ਮੈਂ ਵੀ ਜਵਾਨੀ ਵੇਲੇ ਕਾਹਲਾ ਵੱਗ ਗਿਆ ਸੀ।ਤੇਰੇ ਪਿਓ ਦਾ ਕਹਿਣਾ

ਮੰਨ ਲੈਂਦਾ ਤਾਂ ਮੇਰਾ ਮੁੰਡਾ ਪਾਕਿਸਤਾਨ ਜਾਣੋ ਬਚ ਜਾਂਦਾ।ਘਰ ਵਾਲੀ ਵੀ ਟਿਕੀ ਰਹਿੰਦੀ।ਮੈਂ ਸਭ ਤੋਂ ਬੇਪ੍ਰਵਾਹ ਹੋ ਕੇ ਆਪਣੇ ਘੋੜੇ ਭਜਾਉਂਦਾ ਰਿਹਾ।ਅਖੀਰ ਮੇਰਾ ਘੋੜਾ ਪਾਕਿਸਤਾਨ ਭੱਜ ਗਿਆ।"ਕਹਿ ਕੇ ਤਾਇਆ ਹੀ-ਹੀ ਕਰਕੇ ਹੱਸਣ ਲੱਗ ਪਿਆ।ਤਾਏ ਦੀ ਅੱਧੀ-ਅਧੂਰੀ ਜਿਹੀ ਗੱਲ ਸੁਣਕੇ ਮੈਂ ਡੌਰ-ਭੌਰ ਜਿਹਾ ਤਾਏ ਦੇ ਮੂੰਹ ਵੱਲ ਵੇਖਣ ਲੱਗ ਪਿਆ।ਤਾਏ ਦਾ ਮੁੰਡਾ,ਘਰਵਾਲੀ ,ਇੱਕ ਬੁਝਾਰਤ ਜਿਹੀ ਬਣ ਕੇ ਮੇਰੇ ਜ਼ਿਹਨ ਵਿੱਚ ਖੌਰੂ ਪਾਉਣ ਲੱਗ ਪਏ।ਪਹਿਲਾਂ ਤਾਂ ਮੈਨੂੰ ਕੁਝ ਪਤਾ ਨਹੀਂ ਸੀ ਇਸ ਸਭ ਕਾਸੇ ਦਾ।ਮੈਨੂੰ ਜਾਪਿਆ ਤਾਇਆ ਠੱਠਾ ਕਰ ਰਿਹਾ ਹੈ।ਫਿਰ ਮੈਨੂੰ ਤਾਏ ਦੇ ਮੂੜ ਤੋਂ ਗੱਲ ਗੰਭੀਰ ਜਾਪੀ।ਮੇਰੀ ਦਿਲਚਸਪੀ ਵੱਧ ਗਈ। ਮੈਂ ਤਾਏ ਨੂੰ ਸਾਰੀ ਵਿਥਿਆ ਵਿਸਥਾਰ ਨਾਲ ਸੁਣਾਉਣ ਲਈ ਮਨਾ ਲਿਆ।ਇਹ ਇੱਕ ਦਿਲਚਸਪ ਤੇ ਦੁਖਦਾਈ ਘਟਨਾ ਹੈ ਜੋ ਤਾਏ ਨੇ ਮੈਨੂੰ ਤਰੀਕਾਂ ਸਮੇਤ ਆਪਣੀ ਜਬਾਨੀ ਸੁਣਾਈ।

15 ਅਗਸਤ 1947 ਤੋਂ ਕੁਝ ਮਹੀਨੇ ਬਾਅਦ ਦੀ ਘਟਨਾ ਹੈ। ਮੇਰੇ ਪਿਤਾ ਜੀ ਜੋ ਉਮਰ ਵਿੱਚ ਤਾਏ ਤੋਂ ਛੋਟੇ ਸਨ 1941 ਵਿੱਚ ਵਿਆਹੇ ਗਏ ਸਨ ਪਰ ਤਾਇਆ ਅਜੇ ਛੜਾ ਹੀ ਤੁਰਿਆ ਫਿਰਦਾ ਸੀ। ਉਹ ਕਿਵੇਂ ਨਾ ਕਿਵੇਂ ਵਿਆਹ ਕਰਾਉਣ ਦੇ ਚੱਕਰ ਵਿੱਚ ਸੀ। ਜਦੋਂ ਕਦੇ ਤਾਏ ਦੇ ਵਿਆਹ ਦੀ ਗੱਲ ਤੁਰਦੀ ਤਾਏ ਦੇ ਪੈਰ ਭੋਂਇ ਨਾ ਲਗਦੇ। ਉਹ ਵਿਚੋਲੇ ਦੀ ਗੁਲਾਮੀ ਕਰਨ ਤੱਕ ਤਿਆਰ ਹੋ ਜਾਂਦਾ ਸੀ। ਪਰ ਫਿਰ ਵੀ ਤਾਏ ਦੀ ਕਿਸਮਤ ਸਾਥ ਨਾ ਦਿੰਦੀ। ਤਾਏ ਦਾ ਰਿਸ਼ਤਾ ਜੁੜਦੇ-ਜੁੜਦੇ ਐਨ ਮੌਕੇ 'ਤੇ ਆ ਕੇ ਟੁੱਟ ਜਾਂਦਾ। ਤਾਇਆ ਵਿਚਾਰਾ ਬਣਕੇ ਰਹਿ ਜਾਂਦਾ। ਤਾਏ ਦੀ ਕੋਈ ਵਾਹ ਨਾ ਚੱਲਦੀ।ਬੇਬਸੀ ਐਨੀ ਕਿ ਤਾਇਆ ਕਿਸੇ ਵੀ ਜਾਤ-ਧਰਮ ਵਿੱਚ ਵਿਆਹ ਕਰਵਾ ਲੈਣਾ ਚਾਹੁੰਦਾ ਸੀ।ਇਸੇ ਦਰਮਿਆਨ ਵਿਆਹ ਕਰਾਉਣ ਦਾ ਇੱਕ ਮੌਕਾ ਤਾਏ ਨੂੰ ਮਿਲ ਹੀ ਗਿਆ।ਮੋਗੇ ਕਾਂਗਰਸ ਕਮੇਟੀ ਵਾਲਿਆਂ ਨੇ ਐਲਾਨ ਕੀਤਾ ਕਿ ਇੱਕ ਤੀਹ-ਬੱਤੀ ਸਾਲਾਂ ਦੀ ਔਰਤ ਹੈ।ਉਹ ਮਿੰਟਗੁਮਰੀ (ਪਾਕਿਸਤਾਨ)ਤੋਂ ਉੱਜੜ ਕੇ ਆਈ ਹੈ।ਉਸ ਦਾ ਸਾਰਾ ਪਰੀਵਾਰ ਫਸਾਦਾਂ ਵਿੱਚ ਮਾਰਿਆ ਗਿਆ ਹੈ।ਇਸ ਵਕਤ ਉਹ ਬੇਸਹਾਰਾ ਔਰਤ ਕਮੇਟੀ ਦੀ ਸ਼ਰਨ ਵਿੱਚ ਹੈ।ਕਾਂਗਰਸ ਕਮੇਟੀ ਵਾਲੇ ਉਸ ਦਾ ਵਿਆਹ ਕਰਨਾ

ਚਾਹੁੰਦੇ ਹਨ।ਕੋਈ ਵੀ ਲੋੜਵੰਦ ਵਿਆਹ ਦੇ ਇਛੁਕ ਵਿਅੱਕਤੀ ਅਰਜੀ ਦੇ ਸਕਦੇ ਹਨ।ਕਮੇਟੀ ਉਸ ਔਰਤ ਦੀ ਸਹਿਮਤੀ ਨਾਲ ਵਰ ਦੀ ਚੋਣ ਖੁਦ ਕਰੇਗੀ।ਇਹ ਤਾਏ ਵਾਸਤੇ ਇੱਕ ਤਰ੍ਹਾਂ ਦੀ ਲਾਟਰੀ ਸੀ।ਲਾਟਰੀ ਨਿਕਲ ਆਈ ਤਾਂ ਮੌਜਾਂ ਲੱਗ ਜਾਣਗੀਆਂ।ਤਾਏ ਦਾ ਘਰ ਵਸ ਜਾਊ।ਛੜਾ ਤਾਇਆ ਵੀ ਵਿਆਹਿਆਂ ਵਿੱਚ ਸ਼ਾਮਲ ਹੋ ਜਾਵੇਗਾ।ਪਹਿਲਾਂ ਤਾਂ ਤਾਏ ਨੇ ਨਾਂਹ-ਨੁਕਰ ਜਿਹੀ ਕੀਤੀ ਕਿ ਮੇਰੀ ਅਰਜੀ ਕਿੱਥੇ ਮਨਜ਼ੂਰ ਹੋਣੀ ਹੈ ? ਪਰ ਮੇਰੇ ਪਿਓ ਅਤੇ ਦਾਦੀ ਨੇ ਕਹਿ ਕਹਾ ਕੇ ਤਾਏ ਤੋਂ ਦਰਖਾਸਤ ਦਿਲਵਾ ਦਿੱਤੀ।ਤਾਏ ਦੇ ਚੰਗੇ ਭਾਗਾਂ ਨੂੰ ਅਰਜੀ ਮਨਜ਼ੂਰ ਹੋ ਗਈ।ਉਸ ਵਕਤ ਤਾਏ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ।ਤਾਇਆ ਆਸਮਾਨ ਵਿੱਚ ਉੱਡਦਾ ਫਿਰ ਰਿਹਾ ਸੀ।ਤਾਏ ਦਾ ਵਿਆਹ ਕਰਵਾਉਣ ਦਾ ਸੁਪਨਾ ਸਾਕਾਰ ਹੋ ਗਿਆ ਸੀ।

ਉਸ ਵਕਤ ਕਾਂਗਰਸ ਕਮੇਟੀ ਵਾਲਿਆਂ ਤਾਏ ਤੋਂ 500/-ਰੁਪੱਈਏ ਬਤੌਰ ਸਕਿਊਰਟੀ ਜਮਾਂ ਕਰਵਾ ਲਏ ਕਿ ਵਿਆਹ ਤੋਂ ਦੋ ਸਾਲ ਤੱਕ ਜੇ ਪਤੀ-ਪਤਨੀ ਵਿੱਚ ਕੋਈ ਝਗੜਾ-ਝਗੜੇਲਾ ਨਹੀਂ ਹੁੰਦਾ ਤਾਂ ਉਹ ਰਕਮ ਵਿਆਜ ਸਮੇਤ ਉਸ ਵਿਅਕਤੀ ਨੂੰ ਵਾਪਸ ਕਰ ਦਿੱਤੀ ਜਾਵੇਗੀ।ਜੇ ਕਿਸੇ ਗੱਲੋਂ ਛੱਡ-ਛੁਡਾ ਹੋ ਜਾਂਦਾ ਹੈ ਤਾਂ ਉਹ ਰਕਮ ਉਸ ਬੇਸਹਾਰਾ ਔਰਤ ਨੂੰ ਦੇ ਦਿੱਤੀ ਜਾਵੇਗੀ । ਮਰਦ ਦਾ ਉਨ੍ਹਾਂ ਪੈਸਿਆਂ ਤੇ ਕੋਈ ਹੱਕ ਨਹੀਂ ਰਹੇਗਾ। ਇਉਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ 12 ਅਕਤੂਬਰ 1947 ਨੂੰ ਤਾਏ ਦੀ ਸ਼ਾਦੀ ਸਪੰਨ ਹੋ ਗਈ। ਤਾਇਆ ਵੀ ਸੁਪਨਿਆਂ ਦੀ ਦੁਨੀਆਂ ’ਚੋਂ ਨਿਕਲ ਕੇ ਅਸਲੀ ਵਿਆਹਿਆਂ ਵਿੱਚ ਸ਼ਾਮਲ ਹੋ ਗਿਆ ਸੀ। ਉਸ ਔਰਤ ਯਾਨੀ ਮੇਰੀ ਤਾਈ ਨੇ ਤਾਏ ਨੂੰ ਆਪਣਾ ਨਾਂ ‘ਲਾਲ ਦੇਈ’ ਦੱਸਿਆ। ਉਸ ਨੇ ਦੱਸਿਆ ਕਿ ਉਸ ਦਾ ਸਾਰਾ ਪਰੀਵਾਰ ਫਸਾਦਾਂ ਵਿੱਚ ਮਾਰਿਆ ਜਾ ਚੁੱਕਿਆ ਹੈ। ਉਸ ਦਾ ਇੱਕ ਛੋਟਾ ਭਰਾ ਪੁਲਿਸ ਵਿੱਚ ਸਿਪਾਹੀ ਹੈ। ਉਸ ਨੂੰ ਆਪਣੇ ਉਸ ਭਰਾ ਦਾ ਵੀ ਕੋਈ ਅਤਾ-ਪਤਾ ਨਹੀਂ ਉਹ ਮਰ ਗਿਆ ਜਾਂ ਜਿੰਦਾ ਹੈ।

ਤਾਏ ਦੀ ਜ਼ਿੰਦਗੀ ਆਪਣੀ ਤੋਰੇ ਤੁਰ ਪਈ। ਦੋਹਾਂ ਦਾ ਪਿਆਰ ਹੱਦ ਤੋਂ ਵੱਧ।ਤਾਇਆ ਦੋਧੀ ਸੀ।ਦੁੱਧ ਦਾ ਕੰਮ ਕਰਦਾ ਸੀ।ਉਹ ਪਿੰਡ ਬਹੋਨਿਓਂ ਦੁੱਧ ਇਕੱਠਾ

ਕਰਕੇ ਲਿਆਉਂਦਾ ਤੇ ਮੋਗੇ ਹਲਵਾਈਆਂ ਦੀਆਂ ਦੁਕਾਨਾਂ 'ਤੇ ਸਪਲਾਈ ਕਰਦਾ।ਖ਼ੂਬ ਕਮਾਈ ਕਰਦਾ।ਤਾਈ ਘਰ ਦੀ ਮਾਲਕਣ ਸੁਘੜ ਸੁਆਣੀ।ਉਹ ਹਾਰ-ਸ਼ਿਗਾਰ ਖ਼ੂਬ ਕਰਦੀ।ਮੋਗੇ ਦੇ ਬਜਾਰਾਂ ਵਿੱਚ ਘੁੰਮਦੀ।ਮਨ ਆਈਆਂ ਕਰਦੀ। ਤਾਇਆ ਕੁਝ ਨਾ ਕਹਿੰਦਾ ਸਗੋਂ ਤਾਈ ਵੱਲੋਂ ਬੇ ਫਿਕਰ ਬਾਗੋ-ਬਾਗ ਰਹਿੰਦਾ।ਇੱਕ ਦਿਨ ਅਵਾਰਾ ਤੁਰੀ ਫਿਰਦੀ ਤਾਈ ਮੇਰੇ ਪਿਤਾ ਜੀ ਨੇ ਵੇਖ ਲਈ।ਤਾਈ ਦੇ ਚਾਲੇ ਵੇਖ ਕੇ ਮੇਰੇ ਪਿਓ ਦਾ ਕਿਸੇ ਅਣਜਾਣੇ ਸ਼ੱਕ ਵਿੱਚ ਮੱਥਾ ਠਣਕਿਆ।ਉਹਨੇ ਘਰ ਆ ਕੇ ਤਾਏ ਨੂੰ ਆਖਿਆ- "ਗੋਪਾਲ ਚੰਦ ਭਰਾ, ਲਾਲ ਦੇਈ ਨੂੰ ਐਨੀ ਖੁੱਲ੍ਹ ਨਾ ਦੇਹ।ਇਹ ਰੋਜ਼ ਬਜਾਰਾਂ ਵਿੱਚ ਅਵਾਰਾ ਘੁੰਮਦੀ ਹੈ।ਕਈ ਘਰੀਂ ਇਹਦਾ ਆਉਣਾ-ਜਾਣਾ ਵੀ ਹੈ।ਸੰਭਾਲ ਇਹਨੂੰ ,ਪਛੋਤਾਵੇਂਗਾ!"......ਪਰ ਤਾਇਆ ਤਾਈ ਦੇ ਪਿਆਰ ਵਿੱਚ ਪਾਗਲ ਸੀ।ਉਹ ਤਾਈ ਦੇ ਹੀ ਪੱਖ ਵਿੱਚ ਬੋਲਦਾ ਰਿਹਾ।ਅਖੀਰ ਕਾਫੀ ਤਕਰਾਰ ਬਾਜੀ ਤੋਂ ਬਾਅਦ ਤਾਇਆ ਮੇਰੇ ਪਿਓ ਨੂੰ ਬੋਲਿਆ-"ਯਾਰ ਤੂੰ ਆਪਣੇ ਘੋੜੇ ਭਜਾ, ਮੈਨੂੰ ਆਪਣਾ ਭਜਾਉਣ ਦੇ।ਸਾਡੀ ਵਸਦੀ-ਰਸਦੀ ਜ਼ਿੰਦਗੀ ਵਿੱਚ ਦਖਲ ਨਾ ਦੇਹ।" ਮੇਰਾ ਪਿਓ ਚੁੱਪ ਕਰ ਗਿਆ ।ਮੁੜ ਕੁਝ ਨਹੀਂ ਬੋਲਿਆ।ਤਾਏ ਦੇ ਵਿਆਹ ਤੋਂ ਕੁਝ ਸਾਲਾਂ ਬਾਅਦ 9 ਫਰਵਰੀ 1949 ਨੂੰ ਉਨ੍ਹਾਂ ਦੇ ਘਰ ਇੱਕ ਮੁੰਡਾ ਵੀ ਜੰਮ ਪਿਆ।ਉਸ ਮੁੰਡੇ ਦਾ ਨਾਂ ਤਾਏ ਨੇ ਅੰਮ੍ਰਿਤ ਲਾਲ ਰੱਖਿਆ।ਤਾਇਆ ਮੁੰਡੇ ਨੂੰ ਗੋਦੀ ਚੁੱਕ ਕੇ ਖਿਡਾਉਂਦਾ ।ਕਦੇ ਆਪ ਘੋੜਾ ਬਣਕੇ ਉਹਨੂੰ ਆਪਣੀ ਪਿੱਠ 'ਤੇ ਬਿਠਾਲ ਕੇ ਝੂਟੇ ਦਿੰਦਾ।ਇਓਂ ਜ਼ਿਦਗੀ ਆਪਣੀ ਤੋਰੇ ਤੁਰ ਰਹੀ ਸੀ।ਤਾਏ ਦੇ ਘਰ ਵਿੱਚ ਖੁਸ਼ੀਆਂ ਦਾ ਹੜ੍ਹ ਆਇਆ ਪਿਆ ਸੀ।ਇਨ੍ਹਾਂ ਖੁਸ਼ੀਆਂ ਨੂੰ ਪਤਾ ਨਹੀਂ ਕਿਸ ਕਲਹਿਣੇ ਦੀ ਨਜ਼ਰ ਲੱਗ ਗਈ।ਤਾਏ ਦੀ ਹੱਸਦੀ-ਵੱਸਦੀ ਜ਼ਿੰਦਗੀ ਸ਼ਰਾਪ ਬਣ ਗਈ।ਇੱਕ ਮੰਦਭਾਗੀ ਘਟਣਾ ਜੋ ਤਾਏ ਨਾਲ ਹੋਣੀ ਸੀ ਉਹ ਹੋ ਕੇ ਹੀ ਰਹੀ।ਤਾਇਆ ਹਲਵਾਈਆਂ ਨੂੰ ਦੁੱਧ ਵਰਤਾ ਕੇ ਅਜੇ ਘਰੇ ਪਹੁੰਚਿਆ ਹੀ ਸੀ।ਜਦੋਂ ਘਰ ਦੇ ਮੂਹਰੇ ਇੱਕ ਤਾਂਗਾ ਆ ਕੇ ਰੁਕਿਆ।ਤਾਂਗੇ ਵਿੱਚ ਸਥਾਨਕ ਪੁਲਿਸ ਦੇ ਆਦਮੀ ਤੇ ਕੁਝ ਕੁ ਪਾਕਿਸਤਾਨ ਤੋਂ ਸਰਕਾਰੀ ਅਮਲੇ ਦੇ ਬੰਦੇ।ਉਨ੍ਹਾਂ ਵਿੱਚ ਲਾਲ ਦੇਈ ਦਾ ਉਹ ਸਿਪਾਹੀ ਭਰਾ ਵੀ ਸੀ ਜਿਸ ਦਾ ਜਿਕਰ ਪਹਿਲਾਂ ਲਾਲ ਦੇਈ ਨੇ ਤਾਏ ਕੋਲ ਕੀਤਾ ਸੀ।ਉਨ੍ਹਾਂ ਦੱਸਿਆ ਕਿ ਉਹ ਅਰਸ਼ਾਦ ਬੇਗਮ ਉਰਫ ਲਾਲ ਦੇਈ ਨੂੰ ਪਾਕਿਸਤਾਨ ਲੈ

ਕੇ ਜਾਣ ਵਾਸਤੇ ਆਏ ਹਨ।ਸਭ ਕੌਤਕ ਵੇਖ ਕੇ ਤਾਏ ਦੇ ਹੱਥਾਂ ਦੇ ਤੋਤੇ ਉੱਡ ਗਏ।ਤਾਇਆ ਡੌਰ-ਭੌਰ ਹੋ ਗਿਆ।ਉਸ ਦੇ ਦਿਮਾਗ਼ ਵਿੱਚੋਂ ਸ਼ਾਂ-ਸ਼ਾਂ ਦੀਆਂ ਅਵਾਜ਼ਾਂ ਆਉਂਦੀਆਂ ਪ੍ਰਤੀਤ ਹੋ ਰਹੀਆਂ ਸਨ।ਇਹ ਕੀ ਭਾਣਾ ਵਾਪਰ ਰਿਹਾ ਹੈ,ਸਭ ਕੁਝ ਤਾਏ ਦੀ ਸਮਝ ਤੋਂ ਪਰ੍ਹੇ ਸੀ।ਲਾਲ ਦੇਈ ਮੁਸਲਮਾਨ ਔਰਤ ਸੀ।ਹਿੰਦੂ ਹੋਣ ਦਾ ਉਸ ਨੇ ਝੂਠ ਬੋਲਿਆ ਸੀ।ਉਹ ਆਪਣੇ ਭਰਾ ਨਾਲ ਖਤੋ-ਖਿਤਾਬਤ ਕਰਦੀ ਰਹੀ ਸੀ।ਉਸ ਨੇ ਪਿਛਲੇ ਸਾਲਾਂ ਤੋਂ ਚਿਠੀਆਂ ਰਾਹੀਂ ਆਪਣੇ ਭਰਾ ਨਾਲ ਰਾਬਤਾ ਬਣਾਈ ਰੱਖਿਆ ਸੀ।ਉਸ ਦਾ ਨਤੀਜਾ ਸਭ ਦੇ ਸਾਹਮਣੇ ਸੀ।ਉਸ ਦਿਨ ਤਾਈ ਬਿਮਾਰ ਸੀ।ਅੰਦਰ ਮੰਜੇ 'ਤੇ ਪਈ ਸੀ।ਉਹ ਤੁਰੰਤ ਉੱਠ ਕੇ ਬਾਹਰ ਆ ਗਈ।ਬੇਵਫ਼ਾ ਔਰਤ ਤਾਏ ਦੇ ਪਿਆਰ ਨੂੰ ਪਲਾਂ ਵਿੱਚ ਭੁੱਲ ਗਈ।ਉਹ ਭਰਾ ਨਾਲ ਹੋ ਤੁਰੀ।ਮੋਗੇ ਠਾਣੇ ਪਹੁੰਚ ਕੇ ਇਹ ਫੈਸਲਾ ਹੋ ਗਿਆ ਕਿ ਅਰਸ਼ਾਦ ਬੇਗਮ ਉਰਫ ਲਾਲ ਦੇਈ ਪਾਕਿਸਤਾਨ ਆਪਣੇ ਭਰਾ ਨਾਲ ਜਾਵੇਗੀ।ਰੋਣਹਾਕੇ ਹੋਏ ਤਾਏ ਦੀ ਗੋਦੀ ਚੁੱਕਿਆ ਮੁੰਡਾ ਅੰਮ੍ਰਿਤ ਲਾਲ ਅਚਾਨਕ ਰੋ ਪਿਆ।ਅਰਸ਼ਾਦ ਬੇਗਮ ਦੇ ਭਰਾ ਨੇ ਮੁੰਡਾ ਤਾਏ ਤੋਂ ਫੜ੍ਹਕੇ ਤਾਂਗੇ 'ਚ ਬੈਠੀ ਅਰਸ਼ਾਦ ਬੇਗਮ ਦੀ ਗੋਦੀ ਵਿੱਚ ਬਿਠਾ ਦਿੱਤਾ।ਜੇ ਅੰਮ੍ਰਿਤ ਨਾ ਰੋਂਦਾ ਤਾਂ ਸ਼ਾਇਦ ਉਹ ਹੀ ਤਾਏ ਕੋਲ ਰਹਿ ਜਾਂਦਾ।ਇਸ ਗੱਲ ਦਾ ਮਲਾਲ ਤਾਏ ਨੂੰ ਸਾਰੀ ਜ਼ਿੰਦਗੀ ਜਿਹਾ।ਪਰ 23 ਅਗਸਤ 1950 ਦੀ ਉਹ ਮਨਹੂਸ ਘੜੀ ਜਦੋਂ ਤਾਂਗਾ ਰੇਲਵੇ ਸਟੇਸ਼ਨ ਵੱਲ ਨੂੰ ਤੁਰਿਆ ਸੀ ਤਾਂ ਤਾਏ ਨੂੰ ਉਹ ਗੱਲ ਯਾਦ ਆ ਗਈ ਜਦੋਂ ਉਹਨੇ ਮੇਰੇ ਪਿਓ ਨੂੰ ਕਿਹਾ ਸੀ-"ਯਾਰ ਤੂੰ ਆਪਣੇ ਘੋੜੇ ਭਜਾ ਮੈਨੂੰ ਆਪਣੇ ਭਜਾਉਣ ਦੇ।" ਤਾਏ ਨੂੰ ਜਾਪਿਆ ਕਿ ਘੋੜਾ ਸੱਚੀਂ-ਮੁੱਚੀਂ ਹੀ ਭੱਜ ਗਿਆ ਹੈ।

ਜਿਵੇਂ ਕਿਵੇਂ ਲੁਟਿਆ-ਪੱਟਿਆ ਉਦਾਸ ਡਿੱਕਡੋਲੇ ਖਾਂਦਾ ਤਾਇਆ ਠਾਣਿਓਂ ਵਾਪਸ ਘਰ ਮੁੜ ਆਇਆ।ਕਦੇ ਪੈਂਦਾ,ਕਦੇ ਬਹਿੰਦਾ ਉਦਾਸੀ ਸੰਗ ਲੜਦਾ ਰਿਹਾ।ਤਾਏ ਦੀ ਸਾਰੀ ਸਲਤਨਤ ਲੁੱਟੀ ਜਾ ਚੁੱਕੀ ਸੀ।ਤਾਏ ਦਾ ਉੱਚੀ-ਉੱਚੀ ਚੀਕਾਂ ਮਾਰ ਕੇ ਰੋਣ ਨੂੰ ਮਨ ਕਰ ਰਿਹਾ ਸੀ ।ਪਰ ਮਰਦ ਹੋਣਾ ਤਾਏ ਨੂੰ ਰੋਕੀ ਬੈਠਾ ਸੀ।ਕਦੇ ਦੂਜਿਆਂ ਨੂੰ ਹੌਸਲਾ ਦਿੰਦਿਆਂ ਤਾਇਆ ਅਕਸਰ –'ਮਰਦ ਹਾਂ ਹੋਣੀ ਦੇ ਮੂਹਰੇ ਕਿਉਂ ਝੁਕਾਂ!' ਦੀ

ਨਸੀਹਤ ਦਿਆ ਕਰਦਾ ਸੀ।ਸਾਂਮ ਹੋ ਗਈ ਸੀ।ਕਹਿ ਕਹਾ ਕੇ ਮਾਂ ਨੇ ਰੋਟੀ ਖਵਾ ਦਿੱਤੀ।ਭਰਾ ਨੇ ਹੌਂਸਲਾ ਦਿੱਤਾ।ਤਾਇਆ ਦਾਰੂ ਨਹੀਂ ਸੀ ਪੀਂਦਾ।ਨਹੀਂ ਤਾਂ ਹੁਣ ਨੂੰ ਇੱਕ-ਦੋ ਬੋਤਲਾਂ ਖਾਲੀ ਕਰ ਚੁਕਿਆ ਹੁੰਦਾ।ਰਾਤੀਂ ਸੌਂਣ ਦਾ ਟਾਇਮ ਹੋ ਗਿਆ।ਉਹ ਮੰਜੇ ਵੱਲ ਨੂੰ ਅਹੁਲਿਆ।ਬੀਮਾਰ ਤਾਈ ਸਾਰਾ ਦਿਨ ਮੰਜੇ ’ਤੇ ਪਈ ਰਹੀ ਸੀ।ਮੰਜਾ ਉਵੇਂ ਹੀ ਵਿਛਿਆ ਪਿਆ ਸੀ।ਤਾਏ ਨੇ ਸਿਰ ਵਾਲੀ ਸਾਫੀ ਨਾਲ ਮੰਜਾ ਝਾੜਿਆ।ਸਿਰਹਾਣਾ ਚੁੱਕ ਕੇ ਸਿੱਧਾ ਕੀਤਾ।ਹੇਠੋਂ ਇੱਕ ਪੋਟਲੀ ਜਿਹੀ ਲੁੜਕ ਕੇ ਮੰਜੇ ਦੇ ਵਿਚਕਾਰ ਆ ਗਈ।ਤਾਏ ਨੇ ਉਹ ਪੋਟਲੀ ਖੋਲ੍ਹ ਕੇ ਵੇਖੀ।ਸਾਰੇ ਸੋਨੇ ਦੇ ਗਹਿਣੇ ਪੋਟਲੀ ਵਿੱਚ ਬੰਨ੍ਹ ਕੇ ਰੱਖੇ ਪਏ ਸਨ।ਤਾਇਆ ਸਮਝ ਗਿਆ ਕਿ ਲਾਲ ਦੇਈ ਦੀ ਨੀਯਤ ਸਾਰਾ ਸੋਨਾ ਨਾਲ ਲੈ ਕੇ ਜਾਣ ਦੀ ਸੀ।ਤਾਏ ਦੇ ਕੰਨ ਖਰਗੋਸ਼ ਵਾਂਗ ਖੜ੍ਹੇ ਹੋ ਗਏ।ਉਹਨੇ ਮਾਂ ਨੂੰ ਅਵਾਜ ਮਾਰੀ।ਮਾਂ ਸਾਰੀ ਗੱਲ ਸਮਝ ਗਈ ਕਿ ਬਹੂ ਦਾ ਸਾਰਾ ਪਲਾਨ ਮਿਥ ਕੇ ਤਿਆਰ ਕੀਤਾ ਹੋਇਆ ਸੀ।ਉਨ੍ਹਾਂ ਸਭ ਟਰੰਕ-ਪੇਟੀਆਂ ਖੋਲ੍ਹ-ਖੋਲ੍ਹ ਕੇ ਵੇਖੀਆਂ ।ਸਭ ਕੁਝ ਠੀਕ-ਠਾਕ ਸੀ।ਉੱਦਣ ਇੱਕ ਤਾਂ ਤਾਈ ਬੀਮਾਰ ਸੀ ਤੇ ਦੂਜੀ ਹਫੜਾ-ਦਫੜੀ ਵਿੱਚ ਗਹਿਣੇ ਚੁੱਕਣੇ ਭੁੱਲ ਗਈ ਸੀ।ਬਚਾਅ ਹੋ ਗਿਆ।ਨਹੀਂ ਤਾਂ ਤਾਏ ਦੀ ਮਿਹਨਤ ਦੀ ਕਮਾਈ ਪਾਕਿਸਤਾਨ ਚਲੀ ਜਾਣੀ ਸੀ।ਲਾਲ ਦੇਈ ਦੀ ਇਸ ਹਰਕਤ ਨੇ ਉਸ ਦਾ ਅਕਸ ਤਾਏ ਦੇ ਮਨ ਵਿੱਚ ਧੁੰਦਲਾ ਕਰ ਦਿੱਤਾ।ਤਾਏ ਦੇ ਮਨ ਵਿੱਚ ਲਾਲ ਦੇਈ ਦੀ ਯਾਦ ਕੁਝ ਮੱਠੀ ਪੈ ਗਈ।ਹੌਲੀ-ਹੌਲੀ ਉਹ ਮਨੋ ਵਿਸਰਨ ਲੱਗ ਪਈ......।

ਇਸ ਤੋਂ ਪਿੱਛੋਂ ਅਰਸ਼ਾਦ ਬੇਗਮ ਦੇ ਜੀਜੇ ਅਬਦੁੱਲ ਲਤੀਫ ਦੇ ਖਤ ਤਾਏ ਨੂੰ ਆਉਣ ਲੱਗ ਪਏ।ਅਬਦੁੱਲ ਲਤੀਫ ਪਾਕਿਸਤਾਨ ਦੇ ਇੱਕ ਸ਼ਹਿਰ ‘ਪਾਕ-ਪਟਨ’ ਹਕੀਮੀ ਕਰਦਾ ਸੀ।ਅਰਸ਼ਾਦ ਬੇਗਮ ਨੇ ਆਪਣੇ ਜੀਜੇ ਅਬਦੁੱਲ ਲਤੀਫ ਨਾਲ ਵਿਆਹ ਕਰਵਾ ਲਿਆ ਸੀ।ਉਹ ਪਾਕਿਸਤਾਨ ਜਾ ਕੇ ਆਪਣੀ ਵੱਡੀ ਭੈਣ ਦੀ ਸ਼ੌਕਣ ਬਣ ਗਈ ਸੀ।ਪਾਕਿਸਤਾਨੋ ਦੋ-ਤਿੰਨ ਸਾਲ ਖਤ ਆਉਂਦੇ ਰਹੇ।ਖਤਾਂ ਵਿੱਚ ਤਾਈ ਸਭ ਦਾ ਹਾਲ-ਚਾਲ ਪੁੱਛਦੀ ਰਹੀ।ਪਹਿਲੇ ਖਤ ਵਿੱਚ ਤਾਈ ਨੇ ਲਿਖਿਆ ਕਿ ਆਪਣੀ ਗਵਾਂਢਣ ਰੱਖੋ ਇੱਕ ਕਿੱਲੋ ਘਿਓ ਲੈ ਗਈ ਸੀ।ਉਸ ਦੇ ਪੈਸੇ ਲੈ ਲਵੀਂ।ਖਤਾਂ ਰਾਹੀਂ ਹੀ

ਤਾਏ ਨੂੰ ਪਤਾ ਚੱਲਿਆ ਕਿ ਉਹ ਫਾਜਿਲਕਾ ਦੇ ਕਿਸੇ ਪਿੰਡ ਦੀ ਮੁਸਲਮਾਨਣੀ ਸੀ।ਸੰਤਾਲੀ ਦੇ ਦੰਗਿਆਂ ਵਿੱਚ ਉਹਦੇ ਮਾਂ-ਪਿਓ ਮਾਰੇ ਗਏ।ਉਹ ਗੱਡੀਆਂ-ਕੈਂਪਾਂ ’ਚ ਭਟਕਦੀ ਮੋਗੇ ਆਣ ਪੁੱਜੀ।ਉੱਥੇ ਕਾਂਗਰਸ ਕਮੇਟੀ ਵਾਲਿਆਂ ਉਹਦਾ ਵਿਆਹ ਤਾਏ ਨਾਲ ਕਰਵਾ ਦਿੱਤਾ।ਉਹਨੇ ਆਪਣੀ ਜਾਨ ਬਚਾਉਣ ਲਈ ਹਿੰਦੂ ਔਰਤ ਹੋਣ ਦਾ ਝੂਠ ਬੋਲਿਆ।ਉਹ ਮਾਸਾਹਾਰੀ ਸੀ।ਉਹਨੂੰ ਕਈ ਵਾਰ ਮੀਟ ਖਾਣ ਦੀ ਤਲਬ ਲੱਗਦੀ ।ਉਹ ਬਾਜ਼ਾਰ ਵਿੱਚ ਨਿਕਲ ਜਾਂਦੀ।ਇੱਕ ਮੀਟ ਵਾਲੇ ਦੇ ਘਰੇ ਉਸ ਨੇ ਆਉਣਾ-ਜਾਣਾ ਬਣਾ ਲਿਆ ਸੀ।ਉਹ ਉਨ੍ਹਾਂ ਨੂੰ ਵੱਧ ਪੈਸੇ ਦੇ ਕੇ ਉਨ੍ਹਾਂ ਦੇ ਘਰੇ ਹੀ ਮੀਟ ਰਿੰਨ ਲੈਂਦੀ।ਉਨ੍ਹਾਂ ਦੇ ਘਰੋਂ ਹੀ ਉਹ ਪਾਕਿਸਤਾਨ ਆਪਣੇ ਭਰਾ ਅਤੇ ਜੀਜੇ ਨੂੰ ਖਤ ਲਿਖਦੀ।ਜੀਜੇ ਦੇ ਖਤ ਵੀ ਉਨ੍ਹਾਂ ਦੇ ਘਰ ਹੀ ਆ ਜਾਂਦੇ।ਇਓਂ ਉਸ ਦੇ ਪਾਕਿਸਤਾਨ ਜਾਣ ਦਾ ਮਨਸੂਬਾ ਸਫਲ ਹੋ ਸਕਿਆ ਸੀ।ਅਰਸ਼ਾਦ ਬੇਗਮ ਨੇ ਕਈ ਖਤਾਂ ਵਿੱਚ ਤਾਏ ਨੂੰ ਪਾਕਿਸਤਾਨ ਆ ਕੇ ਮਿਲ ਜਾਣ ਬਾਰੇ ਲਿਖਿਆ। ਤਾਏ ਦਾ ਜੀ ਕਰਦਾ ਸੀ ਕਿ ਆਪਣੇ ਮੁੰਡੇ ਨੂੰ ਮਿਲ ਆਵੇ।ਪਰ ਤਾਇਆ ਡਰਦਾ ਨਹੀਂ ਗਿਆ ਕਿ ਕਿਤੇ ਉਹ ਮਾਰ ਕੇ ਖਪਾ ਹੀ ਨਾ ਦੇਣ ।ਇੱਕ ਵਾਰ ਤਾਏ ਨੇ ਆਪਣੇ ਖਤ ਵਿੱਚ ਲਿਖ ਦਿੱਤਾ ਤੂੰ ਮੁੰਡੇ ਨੂੰ ਲੈ ਕੇ ਭਾਰਤ ਆਜਾ।ਦੋ-ਚਾਰ ਦਿਨ ਰਹਿ ਜਾਵੀਂ।ਨਾਲੇ ਮੈਂ ਆਪਣੇ ਮੁੰਡੇ ਨੂੰ ਮਿਲ ਲਵਾਂਗਾ।ਉਸ ਖਤ ਦਾ ਉੱਤਰ ਉਡੀਕਦਿਆਂ-ਉਡੀਕਦਿਆਂ ਤਾਇਆ 85 ਵਰ੍ਹਿਆਂ ਦਾ ਹੋ ਗਿਆ ਸੀ।ਇਸ ਦਰਮਿਆਨ ਤਾਏ ਨੇ 28 ਅਪਰੈਲ 1954 ਨੂੰ ਵਿਆਹ ਵੀ ਕਰਵਾ ਲਿਆ ਸੀ।ਤਿੰਨ ਕੁੜੀਆਂ ਤੇ ਇੱਕ ਮੁੰਡਾ ਤਾਏ ਦੇ ਹੋ ਗਏ।ਹੁਣ ਵਾਲੇ ਮੁੰਡੇ ਦਾ ਨਾਂ ਤਾਏ ਨੇ ਸੁਸ਼ੀਲ ਕੁਮਾਰ ਉਰਫ਼ ਮੋਹਣਾ ਰੱਖਿਆ ਜੋ ਹੁਣ ਬਾਲ ਬੱਚੇਦਾਰ ਹੈ।ਤਾਇਆ ਆਪਣੇ ਪਾਕਿਸਤਾਨ ਚਲੇ ਗਏ ਮੁੰਡੇ ਬਾਰੇ ਅਕਸਰ ਸੋਚਦਾ ਸੀ ਕਿ ‘ਸਫੀਕ ਉਲ ਰਹਿਮਾਨ’ ਹੁਣ ਭਰ ਜਵਾਨ ਹੋ ਗਿਆ ਹੋਵੇਗਾ।ਉਹਦੇ ਬੱਚੇ ਹੋਣਗੇ।ਸਾਊ ਹੋਵੇਗਾ......ਆਦਿ...ਆਦਿ......।

ਸਾਲ 1996 ਦੀ ਗੱਲ ਹੈ।ਇੱਕ ਦਿਨ ਅਚਾਨਕ ਲਾਹੌਰ ਤੋਂ ਛਪਦਾ ਇੱਕ ਬਾਲ ਰਸਾਲਾ ‘ਪੰਖੇਰੂ’ ਮੇਰੇ ਨਾਂ ’ਤੇ ਆਇਆ।ਤਾਇਆ ਉਰਦੂ ਜਾਣਦਾ ਸੀ।ਤਾਏ ਨੇ ਰਸਾਲਾ

ਪੜ੍ਹ ਕੇ ਸੁਣਾਇਆ।ਮੇਰੀ ਵੀ ਇੱਕ ਬਾਲ ਕਵਿਤਾ ਉਸ ਵਿੱਚ ਛਪੀ ਸੀ।ਸ਼ਾਹਮੁੱਖੀ ਲਿੱਪੀ ਵਿੱਚ ਛਪਿਆ ਰਸਾਲਾ ਬੜਾ ਪਿਆਰਾ ਸੀ।ਮੈਂ ਉਹਦੇ ਸੰਪਾਦਕ ਅਸ਼ਰਫ਼ ਸੁਹੇਲ ਨੂੰ ਪੰਜਾਬੀ ਵਿੱਚ ਖਤ ਲਿਖਿਆ।ਮੈਨੂੰ ਪਾਕਿਸਤਾਨ ਖਤ ਲਿਖਦਿਆਂ ਵੇਖ ਤਾਏ ਅੰਦਰ ਦੱਬੀ ਕਿੰਨਿਆਂ ਹੀ ਸਾਲਾਂ ਦੀ ਯਾਦ ਪੀੜ ਬਣਕੇ ਜੁਬਾਨ 'ਤੇ ਆ ਗਈ।ਬੋਲਿਆ- "ਯਾਰ ਆਪਾਂ ਵੀ ਖਤ ਲਿਖੀਏ ਤੇਰੀ ਤਾਈ ਨੂੰ.........ਸ਼ਾਇਦ ਜੁਵਾਬ ਆ ਹੀ ਜਾਵੇ ?! ਮੇਰੇ ਪੁੱਤਰ ਦਾ ਹਾਲ-ਚਾਲ ਹੀ ਪਤਾ ਲੱਗ ਜਾਊ!"ਮੈਂ ਠੀਕ ਐ ਤਾਇਆ ਜੀ ਕਹਿ ਕੇ ਤਾਏ ਨੂੰ ਕਾਪੀ ਤੇ ਪੈੱਨ ਪਕੜਾ ਦਿੱਤਾ।ਤਾਏ ਨੇ ਉਰਦੂ ਵਿੱਚ ਅਬਦੁੱਲ ਲਤੀਫ ਦੀ ਮਾਰਫ਼ਤ ਖ਼ਤ ਲਿਖਿਆ –"22,ਜਨਵਰੀ -1997,.........ਜਨਾਬ ਭਾਈ ਸਾਹਿਬ-ਅਬਦੁੱਲ ਲਤੀਫ ਜੀ,ਆਦਾਬ!.............ਬਹੁਤ ਅਰਸਾ ਸੇ ਆਜ ਮੁਝੇ ਆਪ ਕੀ ਯਾਦ ਆਈ।ਹਮਕੋ ਬਰਖ਼ੁਰਦਾਰ ਸਫ਼ੀਕ ਉੱਲ ਰਹਿਮਾਨ ਉਰਫ਼ ਅੰਮ੍ਰਿਤ ਲਾਲ ਔਰ ਉਸ ਕੀ ਵਾਲਦਾ ਅਰਸ਼ਾਦ ਬੇਗ਼ਮ ਉਰਫ਼ ਲਾਲ ਦੇਈ ਕੀ ਰਾਜੀ-ਖੁਸ਼ੀ ਕਾ ਪਤਾ ਦੇਂ।ਹਮ ਆਪ ਕੇ ਖ਼ਤ ਕੀ ਇੰਤਜਾਰ ਫਰਮਾਏਂਗੇ।ਔਰ ਬਾਤੇਂ ਅਗਲੇ ਖਤ ਮੇਂ...........ਮੇਰਾ ਪਤਾ... "-----"

" ਪ੍ਰਤੀ-ਜਨਾਬ ਸਫ਼ੀਕ ਉੱਲ ਰਹਿਮਾਨ,

ਵਲਦ-ਅਬਦੁੱਲ ਲਤੀਫ਼

ਮਾਰਫ਼ਤ ਲਤੀਫ਼ੀ ਦਵਾਖਾਨਾ,

ਪਾਕਪਟਨ,ਜਿਲ੍ਹਾ-ਮਿੰਟਗੁਮਰੀ (ਪਾਕਿਸਤਾਨ)"

ਇਹ ਖਤ ਮੈਂ ਡਾਕਖਾਨੇ ਜਾ ਕੇ ਰਜਿਸਟਰਡ ਡਾਕ ਰਾਹੀਂ ਪੋਸਟ ਕਰ ਆਇਆ।ਤਾਇਆ ਉਸ ਖਤ ਦਾ ਉੱਤਰ ਰੋਜ਼ ਉਡੀਕਦਾ।ਕਦੇ-ਕਦੇ ਡਾਕੀਏ ਨੂੰ ਵੀ ਪੁੱਛ ਲੈਂਦਾ ਸੀ।ਡਾਕੀਆ ਨਾਂਹ ਵਿੱਚ ਸਿਰ ਘੁਮਾ ਕੇ ਅਗਾਂਹ ਨਿਕਲ ਜਾਂਦਾ।ਇਉਂ ਲਗਭਗ ਇੱਕ ਮਹੀਨਾ ਬੀਤ ਗਿਆ।ਮਹੀਨੇ ਕੁ ਬਾਅਦ ਖ਼ਤ ਜਿਉਂ ਦਾ ਤਿਉਂ ਵਾਪਸ

ਆ ਗਿਆ।ਖ਼ਤ ਦੇ ਉੱਪਰ ਪਾਕਿਸਤਾਨੀ ਡਾਕੀਏ ਨੇ ਉੜਦੂ ਵਿੱਚ ਲਿਖਿਆ ਸੀ - "ਬਾਰ ਬਾਰ ਪਤਾ ਕੀਤਾ ਪਰ ਇਸ ਪਤੇ 'ਤੇ ਕੋਈ ਨਹੀਂ ਮਿਲਿਆ।"

ਵਾਪਸ ਆਇਆ ਖ਼ਤ ਹੱਥ 'ਚ ਫੜ੍ਹ ਕੇ ਉਲਟ-ਪੁਲਟ ਕੇ ਵੇਖਦਾ ਤਾਇਆ ਹਲਕਾ ਜਿਹਾ ਮੁਸਕਰਾਇਆ।ਫਿਰ ਉਹ ਖ਼ਤ ਮੰਜੇ ਦੇ ਸਿਰਹਾਣੇ ਵਾਲੇ ਪਾਸੇ ਰੱਖ ਕੇ ਚੁੱਪ-ਚਾਪ ਜਿਹਾ ਬੈਠ ਗਿਆ।ਚੁੱਪ ਬੈਠਾ ਤਾਇਆ ਮੈਨੂੰ ਇਓਂ ਲੱਗਿਆ ਜਿਵੇਂ ਆਪਣੀ ਇਹ ਅੰਦਰ ਦੱਬੀ ਪੀੜ ਜ਼ਾਹਰ ਹੋਣ ਤੋਂ ਰੋਕਣ ਲਈ ਪੀੜ ਨੂੰ ਅੰਦਰੇ-ਅੰਦਰ ਪੀ ਰਿਹਾ ਹੋਵੇ।ਇਸ ਤੋਂ ਦੋ ਕੁ ਸਾਲਾਂ ਬਾਅਬ ਤਾਏ ਨੂੰ ਅਧਰੰਗ ਹੋ ਗਿਆ।ਸਾਲ-ਡੇਢ ਸਾਲ ਤਾਇਆ ਮੰਜੇ 'ਤੇ ਦੂਜਿਆਂ ਦੇ ਆਸਰੇ ਜ਼ਿੰਦਗੀ ਕੱਟਦਾ ਰਿਹਾ।ਫਿਰ ਤਾਇਆ ਸਭ ਕੁਝ ਭੁੱਲ-ਭੁਲਾ ਕੇ ਦੂਜੀ ਦੁਨੀਆਂ 'ਚ ਜਾ ਪਹੁੰਚਿਆ।

-- 000 --



-ਓਮਕਾਰ ਸੂਦ ਬਹੋਨਾ ਫ਼ਰੀਦਾਬਾਦ
(ਹਰਿਆਣਾ)

ਮੋਬਾਈਲ -096540 36080

## ਕਿਸਾਨ ਮੋਰਚਿਆਂ ਦਾ ਇਤਿਹਾਸ



ਤੇਜਾ ਸਿੰਘ ਸੁਤੰਤਰ (ਜਵਾਨੀ ਵੇਲੇ), ਜੰਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ, ਸੇਵਾ ਸਿੰਘ ਠੀਕਰੀਵਾਲਾ, ਵਧਾਵਾ ਰਾਮ, ਡਾ. ਭਾਗ ਸਿੰਘ, ਹਰਨਾਮ ਸਿੰਘ ਚਮਕ

## ਪੈਪਸੂ ਦੀ ਮੁਜ਼ਾਰਾ ਲਹਿਰ

**ਲੋਕ ਘੋਲ**

ਪੈਪਸੂ ਦੀ ਮੁਜ਼ਾਰਾ ਲਹਿਰ ਪੰਜਾਬ ਦੀਆਂ ਰਿਆਸਤਾਂ ਵਿੱਚ ਕਿਸਾਨੀ ਸੰਘਰਸ਼ ਦੇ ਗੌਰਵਮਈ ਇਤਿਹਾਸਕ ਵਿਰਸੇ ਨਾਲ ਸੰਬੰਧਿਤ ਹੈ। ਇਸ ਲਹਿਰ ਨੇ ਬਹੁਤ ਹੀ ਸੀਮਤ ਸਾਧਨਾਂ ਰਾਹੀਂ ਰਜਵਾੜਾਸ਼ਾਹੀ ਤੇ ਬਿਸਵੇਦਾਰੀ ਵੱਲੋਂ ਕੀਤੇ ਜਾਂਦੇ ਸ਼ੋਸ਼ਣ ਖ਼ਿਲਾਫ਼ ਸ਼ਾਨਦਾਰ ਸੰਘਰਸ਼ ਲੜਿਆ ਸੀ। ਇਸ ਸੰਘਰਸ਼ ਦੌਰਾਨ ਰਿਆਸਤੀ ਹਾਕਮ ਤੇ ਬਿਸਵੇਦਾਰ ਮੁਜ਼ਾਰਿਆਂ ਉੱਤੇ ਅਥਾਹ ਤਸ਼ੱਦਦ ਢਾਹੁੰਦੇ ਰਹੇ, ਪਰ ਮੁਜ਼ਾਰਾ ਲਹਿਰ ਦੇ ਆਗੂਆਂ ਦੀ ਯੋਗ ਅਗਵਾਈ ਤੇ ਕੂਟਨੀਤੀ, ਮੁਜ਼ਾਰਿਆਂ ਦੀ ਏਕਤਾ ਤੇ ਜ਼ਮੀਨ ਦੀ ਮਾਲਕੀ ਵਾਲੇ ਕਿਸਾਨਾਂ ਦੇ ਸਮਰਥਨ ਨਾਲ ਇਸ ਲਹਿਰ ਰਾਹੀਂ ਮੁਜ਼ਾਰਿਆਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਹਾਸਲ ਹੋਏ ਅਤੇ ਇਹ ਲਹਿਰ ਰਜਵਾੜਾਸ਼ਾਹੀ ਤੇ ਬਿਸਵੇਦਾਰੀ ਦੇ ਪੂਰਨ ਖ਼ਾਤਮੇ ਦਾ ਕਾਰਨ ਵੀ ਬਣੀ। ਇਸ ਲਹਿਰ ਦੇ ਸਮੁੱਚੇ ਪੰਜਾਬ ਉੱਤੇ ਚਿਰ ਸਥਾਈ ਪ੍ਰਭਾਵ ਪਏ। ਅੱਜ ਦੇ ਕਿਸਾਨੀ ਸੰਘਰਸ਼ ਨੂੰ ਮੁਜ਼ਾਰਾ ਲਹਿਰ ਦੇ ਸੰਘਰਸ਼ ਤੋਂ ਕਾਫ਼ੀ ਕੁਝ ਸਿੱਖਣ ਦੀ ਲੋੜ ਹੈ।

ਮੁਜ਼ਾਰਾ ਲਹਿਰ ਪੈਪਸੂ ਰਾਜ ਨਾਲ ਸੰਬੰਧਿਤ ਹੈ। ਪੈਪਸੂ ਰਾਜ ਦਾ ਗਠਨ 15 ਜੁਲਾਈ 1948 ਨੂੰ ਕੀਤਾ ਗਿਆ ਸੀ ਜਿਸ ਵਿੱਚ ਕੁੱਲ ਅੱਠ ਰਿਆਸਤਾਂ - ਪਟਿਆਲਾ, ਨਾਭਾ, ਜੀਂਦ, ਮਲੇਰਕੋਟਲਾ, ਫਰੀਦਕੋਟ, ਕਪੂਰਥਲਾ, ਨਾਲਾਗੜ੍ਹ ਅਤੇ ਕਲਸੀਆ ਸ਼ਾਮਲ ਸਨ। ਪੈਪਸੂ ਦੇ ਅੱਠ ਜ਼ਿਲ੍ਹੇ - ਪਟਿਆਲਾ, ਬਰਨਾਲਾ, ਬਠਿੰਡਾ, ਫਤਿਹਗੜ੍ਹ, ਸੰਗਰੂਰ, ਮਹਿੰਦਰਗੜ੍ਹ, ਕਪੂਰਥਲਾ ਅਤੇ ਕੰਡਾਘਾਟ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਰਿਆਸਤਾਂ 18ਵੀਂ ਸਦੀ ਵਿੱਚ ਸਿੱਖਾਂ ਦੀ ਮੁਗ਼ਲਾਂ ਨਾਲ ਜੱਦੋਜਹਿਦ ਸਮੇਂ ਹੋਂਦ ਵਿੱਚ ਆਈਆਂ ਸਨ। ਇਨ੍ਹਾਂ ਸਾਰੀਆਂ ਰਿਆਸਤਾਂ ਨੂੰ ਅੰਗਰੇਜ਼ ਸਾਮਰਾਜ ਦੀ ਸਰਪ੍ਰਸਤੀ ਹਾਸਲ ਸੀ। ਇਨ੍ਹਾਂ ਰਿਆਸਤਾਂ ਨੂੰ ਅੰਗਰੇਜ਼ ਸਾਮਰਾਜ ਵੱਲੋਂ ਵੱਡੀਆਂ ਜਾਗੀਰਾਂ ਵੀ ਦਿੱਤੀਆਂ ਗਈਆਂ ਸਨ।

ਮੁਜ਼ਾਰਾ ਲਹਿਰ ਦਾ ਪਿਛੋਕੜ ਤੇ ਮੁਜ਼ਾਰਿਆਂ ਦਾ ਜ਼ਮੀਨ ਦੀ ਮਾਲਕੀ ਨਾਲ ਸੰਬੰਧਿਤ ਮਸਲਾ ਅਸਲ ਵਿੱਚ 1868 ਵਿੱਚ ਪਟਿਆਲਾ, ਨਾਭਾ ਤੇ ਜੀਂਦ ਰਿਆਸਤਾਂ ਵੱਲੋਂ ਪਾਸ ਕੀਤੇ 'ਪੰਜਾਬ ਟੈਨੈਂਸੀ ਐਕਟ' ਨਾਲ ਜਾ ਜੁੜਦਾ ਹੈ। ਇਹ ਐਕਟ ਪਾਸ ਹੋਣ ਤੋਂ ਬਾਅਦ ਹੀ ਕਿਸਾਨੀ ਵਿੱਚ ਦੋ ਵਰਗ 'ਮੌਰੂਸੀ ਮੁਜ਼ਾਰੇ' ਤੇ 'ਗ਼ੈਰ ਮੌਰੂਸੀ ਮੁਜ਼ਾਰੇ' ਹੋਂਦ ਵਿੱਚ ਆਏ ਸਨ। ਇਸ ਐਕਟ ਵਿੱਚ ਇਹ ਵਿਵਸਥਾ ਕੀਤੀ ਗਈ ਸੀ ਕਿ ਜਿਨ੍ਹਾਂ ਕਿਸਾਨਾਂ ਦਾ ਉਨ੍ਹਾਂ ਦੇ ਹਲ ਹੇਠਲੀ ਜ਼ਮੀਨ ਉੱਤੇ ਲਗਾਤਾਰ ਪਿਛਲੇ 30 ਸਾਲਾਂ ਤੋਂ ਕਬਜ਼ਾ ਹੈ ਉਹ ਕਿਸਾਨ ਮਾਲਕ ਮੁਜ਼ਾਰਿਆਂ ਦੇ ਤੌਰ 'ਤੇ ਵਿਚਾਰੇ ਜਾਣਗੇ। ਇਸ ਐਕਟ ਦੇ ਪਾਸ ਹੋਣ ਨਾਲ ਰਿਆਸਤੀ ਕਿਸਾਨਾਂ ਨੂੰ ਆਪਣੀ ਜ਼ਮੀਨ ਦੀ ਮਾਲਕੀ ਨਾਲ ਸੰਬੰਧਤ ਕਈ ਗੰਭੀਰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਸੀ।

**ਸਥਾਈ ਬੰਦੋਬਸਤ (permanent settlement) ਲਈ ਕਮਿਸ਼ਨ:**

1901-03 ਵਿੱਚ ਪਟਿਆਲਾ ਦੀ ਰਿਆਸਤੀ ਸਰਕਾਰ ਨੇ ਅੰਗਰੇਜ਼ ਅਫ਼ਸਰ ਪੋਪਹਮ ਯੁੰਗ ਦੀ ਅਗਵਾਈ ਵਿੱਚ ਜ਼ਮੀਨ ਦੇ ਸਥਾਈ ਬੰਦੋਬਸਤ ਲਈ ਕਮਿਸ਼ਨ ਬਣਾਇਆ। ਇਸ ਕਮਿਸ਼ਨ ਨੇ ਕਿਸਾਨਾਂ ਦੀ ਬਹੁਤ ਸਾਰੀ ਜ਼ਮੀਨ ਮਹਾਰਾਜੇ ਦੇ ਰਿਸ਼ਤੇਦਾਰਾਂ, ਰਿਆਸਤ ਦੇ ਉੱਚ ਅਧਿਕਾਰੀਆਂ ਤੇ ਬਿਸਵੇਦਾਰਾਂ ਦੇ ਨਾਂ ਦਰਜ ਕਰ ਦਿੱਤੀ ਸੀ। ਇਸ ਤੋਂ ਤੁਰੰਤ ਬਾਅਦ ਇਹ ਲੋਕ ਕਿਸਾਨਾਂ ਦੀ ਜ਼ਮੀਨ ਉੱਤੇ ਆਪਣੇ ਮਾਲਕੀ ਹੱਕ ਦਾ ਦਾਅਵਾ ਕਰਨ ਲੱਗੇ ਅਤੇ ਫ਼ਸਲ ਦੀ ਪੈਦਾਵਾਰ ਦੇ ਇੱਕ ਨਿਸ਼ਚਿਤ ਹਿੱਸੇ ਦੀ ਮੰਗ ਵੀ ਕਰਨ ਲੱਗੇ। ਇਨ੍ਹਾਂ ਨੇ ਬਾਅਦ ਵਿੱਚ ਜਬਰੀ ਉਗਰਾਹੀ ਵੀ ਆਰੰਭ ਕਰ ਦਿੱਤੀ। ਇਸ ਸਮੇਂ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਮੌਰੂਸੀ ਤੇ ਗ਼ੈਰ ਮੌਰੂਸੀ ਮੁਜ਼ਾਰਿਆਂ ਦੀ ਸ਼੍ਰੇਣੀ ਵਿੱਚ ਵੰਡ ਦਿੱਤਾ ਗਿਆ ਸੀ। ਇਸ ਨਾਲ ਦੋਵੇਂ ਧਿਰਾਂ ਵਿੱਚ ਵਿਰੋਧ ਵਧਣ ਲੱਗਾ। ਬਿਸਵੇਦਾਰਾਂ ਦੇ ਹੱਕਾਂ ਦੀ ਰਾਖੀ ਕਰਨ ਲਈ ਅੰਗਰੇਜ਼ ਅਫ਼ਸਰ ਪੋਪਹਮ ਨੇ ਬੜੀ ਚਲਾਕੀ ਨਾਲ ਵਿਚਕਾਰਲਾ ਰਾਹ ਕੱਢ ਲਿਆ ਜਿਸ ਅਨੁਸਾਰ ਇੱਕ ਪਾਸੇ ਤਾਂ ਬਿਸਵੇਦਾਰਾਂ ਨੂੰ ਜ਼ਮੀਨ ਦੇ ਮਾਲਕੀ ਹੱਕ ਦਿੱਤੇ ਗਏ ਅਤੇ ਦੂਜੇ ਪਾਸੇ ਕਿਸਾਨਾਂ ਨੂੰ ਮੌਰੂਸੀ ਕਾਨੂੰਨ ਅਧੀਨ ਮੌਰੂਸੀ ਮੁਜ਼ਾਰਿਆਂ ਦੇ ਤੌਰ ’ਤੇ ਜ਼ਮੀਨ ਦਾ ਵਿਰਾਸਤੀ ਹੱਕ ਵੀ ਦੇ ਦਿੱਤਾ। ਇਸ ਵਿਵਸਥਾ ਅਨੁਸਾਰ ਭਾਵੇਂ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਬੇਦਖ਼ਲ ਨਹੀਂ ਕੀਤਾ ਜਾ ਸਕਦਾ ਸੀ, ਪਰ ਉਨ੍ਹਾਂ ਨੂੰ ਜ਼ਮੀਨੀ ਮਾਲੀਏ ਤੋਂ ਇਲਾਵਾ ਬਿਸਵੇਦਾਰਾਂ ਨੂੰ ਪੈਦਾਵਾਰ ਦਾ ਇੱਕ ਨਿਸ਼ਚਿਤ ਹਿੱਸਾ ਦੇਣ ਦਾ ਪਾਬੰਦ ਕਰ ਦਿੱਤਾ ਗਿਆ। ਜੇਕਰ ਕੋਈ ਮੌਰੂਸੀ ਮੁਜ਼ਾਰਾ ਬਟਾਈ ਦੇਣ ਤੋਂ ਇਨਕਾਰ ਕਰਦਾ ਸੀ ਤਾਂ ਉਸ ਹਾਲਤ ਵਿੱਚ ਮੁਜ਼ਾਰਿਆਂ ਨੂੰ ਉਨ੍ਹਾਂ ਦੀ ਜ਼ਮੀਨ ਤੋਂ ਬੇਦਖ਼ਲ ਕੀਤਾ ਜਾ ਸਕਦਾ ਸੀ। ਨਵੀਂ ਵਿਵਸਥਾ ਰਾਹੀਂ ਗ਼ੈਰ ਮੌਰੂਸੀ ਮੁਜ਼ਾਰਿਆਂ ਨੂੰ ਜ਼ਮੀਨ ਦੀ ਮਾਲਕੀ ਦੇ ਹੱਕ ਤੋਂ ਪੂਰੀ ਤਰ੍ਹਾਂ ਵੱਖ ਕਰ ਦਿੱਤਾ ਸੀ। ਗ਼ੈਰ ਮੌਰੂਸੀ ਮੁਜ਼ਾਰਿਆਂ ਨੂੰ ਬਿਸਵੇਦਾਰ ਕਿਸੇ ਵੀ ਸਮੇਂ ਉਸ ਦੀ ਜ਼ਮੀਨ ਤੋਂ ਵੱਖ ਕਰ ਸਕਦਾ ਸੀ। ਉਨ੍ਹਾਂ ਨੂੰ ਫ਼ਸਲ ਦੀ ਪੈਦਾਵਾਰ ਦਾ ਹਿੱਸਾ ਵੀ ਵੱਧ ਦੇਣਾ ਪੈਂਦਾ ਸੀ। ਇਹ ਹੀ ਨਹੀਂ, ਮੁਜ਼ਾਰਿਆਂ ਨੂੰ ਜ਼ਲੀਲ ਕਰਨ ਲਈ ਬਿਸਵੇਦਾਰਾਂ ਦੇ ਗੁੰਡੇ ਹਮੇਸ਼ਾ ਮੌਕੇ ਦੀ ਭਾਲ ਵਿੱਚ ਰਹਿੰਦੇ ਸਨ। ਫ਼ਸਲ ਦੀ ਪੈਦਾਵਾਰ ਦਾ ਨਿਸ਼ਚਿਤ ਹਿੱਸਾ ਲੈਣ ਸਮੇਂ ਵੀ ਮੁਜ਼ਾਰਿਆਂ ਨੂੰ ਬੜਾ ਜ਼ਲੀਲ ਕੀਤਾ

ਜਾਂਦਾ ਸੀ। ਕੇਵਲ ਪਟਿਆਲਾ ਰਿਆਸਤ ਵਿੱਚ ਹੀ ਮੁਜ਼ਾਰਿਆਂ ਨਾਲ ਸੰਬੰਧਤ 784 ਪਿੰਡਾਂ ਦਾ ਵੇਰਵਾ ਮਿਲਦਾ ਹੈ।

ਮੁਜ਼ਾਰੇ ਬਿਸਵੇਦਾਰਾਂ ਦੇ ਘਰ ਕਿਸੇ ਖ਼ਾਸ ਪ੍ਰੋਗਰਾਮ ਸਮੇਂ ਉਨ੍ਹਾਂ ਨੂੰ ਤੋਹਫ਼ੇ ਭੇਂਟ ਕਰਨ ਅਤੇ ਵਗਾਰ ਕਰਨ ਲਈ ਵੀ ਪਾਬੰਦ ਸਨ। ਇਸ ਦੇ ਨਾਲ ਹੀ ਰਿਆਸਤਾਂ ਵਿੱਚ ਨਹਿਰੀ ਆਬਿਆਨਾ, ਖ਼ੁਸ਼ਹੈਸੀਅਤ ਟੈਕਸ ਤੇ ਪਸ਼ੂ ਮੰਡੀਆਂ ਦੇ ਟੈਕਸ ਆਦਿ ਦੀ ਵੀ ਵੱਡੀ ਸਮੱਸਿਆ ਸੀ। ਇਸ ਨਾਲ ਮੁਜ਼ਾਰਿਆਂ ਦਾ ਜੀਵਨ ਨਿਰਬਾਹ ਹੋਰ ਵੀ ਮੁਸ਼ਕਲ ਹੋ ਗਿਆ। ਮਾਲੇਰਕੋਟਲਾ, ਫ਼ਰੀਦਕੋਟ ਤੇ ਨਾਲਾਗੜ੍ਹ ਰਿਆਸਤਾਂ ਵਿੱਚ ਤਾਂ ਨਵਾਬ ਜਾਂ ਰਾਜੇ ਕੁੱਲ ਜ਼ਮੀਨ ਦੇ 'ਮਾਲਕ ਆਲ੍ਹਾ' ਸਨ। ਇਨ੍ਹਾਂ ਰਿਆਸਤਾਂ ਦੇ ਹਾਕਮ ਰਿਆਸਤੀ ਜ਼ਮੀਨ ਸੰਬੰਧੀ ਵਿਸ਼ੇਸ਼ ਅਧਿਕਾਰ ਰੱਖਦੇ ਸਨ ਜੋ ਕਿਸਾਨਾਂ ਲਈ ਵੱਡੀ ਸਮੱਸਿਆ ਸੀ। ਇਨ੍ਹਾਂ ਰਿਆਸਤਾਂ ਵਿੱਚ ਕਿਸਾਨ ਆਪਣੀ ਜ਼ਮੀਨ ਨਾ ਤਾਂ ਗਹਿਣੇ ਰੱਖ ਸਕਦਾ ਸੀ ਅਤੇ ਨਾ ਹੀ ਅੱਗੇ ਵੇਚ ਸਕਦਾ ਸੀ। ਇੰਨਾ ਹੀ ਨਹੀਂ, ਇਨ੍ਹਾਂ ਰਿਆਸਤਾਂ ਦੇ ਹਾਕਮ ਪਿੰਡਾਂ ਦੇ ਆਮ ਲੋਕਾਂ ਨੂੰ ਵੱਧ ਤੋਂ ਵੱਧ ਦਬਾਉਣਾ ਚਾਹੁੰਦੇ ਸਨ ਤਾਂ ਕਿ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਫੈਲ ਰਹੀ ਸਮਾਜਿਕ ਚੇਤਨਾ ਦੀ ਰੌਸ਼ਨੀ ਤੋਂ ਦੂਰ ਰੱਖਿਆ ਜਾ ਸਕੇ। ਇਸ ਵਾਸਤੇ ਖ਼ਾਸ ਸਾਜ਼ਿਸ਼ ਤਹਿਤ ਰਿਆਸਤਾਂ ਵਿੱਚ ਸਕੂਲ ਖੋਲ੍ਹਣ ਦੀ ਆਗਿਆ ਨਹੀਂ ਸੀ ਤਾਂ ਕਿ ਮੁਜ਼ਾਰਿਆਂ ਤੇ ਆਮ ਲੋਕਾਂ ਦੇ ਬੱਚੇ ਪੜ੍ਹ ਨਾ ਸਕਣ। ਰਿਆਸਤੀ ਹਾਕਮਾਂ ਨੇ ਰਿਆਸਤਾਂ ਵਿੱਚ ਗੁਰਦੁਆਰਿਆਂ ਦੀ ਉਸਾਰੀ ਉੱਤੇ ਪਾਬੰਦੀ ਲਗਾ ਦਿੱਤੀ ਸੀ। ਉਨ੍ਹਾਂ ਨੂੰ ਇਹ ਲੱਗਦਾ ਸੀ ਕਿ ਮੁਜ਼ਾਰੇ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਗੁਰਦੁਆਰਿਆਂ ਵਿੱਚ ਹਾਕਮਾਂ ਵਿਰੁੱਧ ਇਕੱਠ ਕਰਦੇ ਹਨ।

**ਸਥਾਈ ਬੰਦੋਬਸਤ**

ਮੁਜ਼ਾਰਿਆਂ ਦੇ ਭਾਰੀ ਵਿਰੋਧ ਦੇ ਬਾਵਜੂਦ 1909 ਈ. ਵਿੱਚ ਪਟਿਆਲਾ ਰਿਆਸਤ ਨੇ ਮੁਜ਼ਾਰਿਆਂ ਦੀਆਂ ਜ਼ਮੀਨਾਂ ਨਾਲ ਸੰਬੰਧਿਤ ਸਥਾਈ ਬੰਦੋਬਸਤ ਲਾਗੂ ਕਰ ਦਿੱਤਾ ਸੀ। ਇਸ ਸਮੇਂ ਮੁਜ਼ਾਰੇ ਆਪਣੀਆਂ ਜ਼ਮੀਨਾਂ ਦੇ ਮਾਲਕੀ ਹੱਕਾਂ ਸੰਬੰਧੀ ਸੰਘਰਸ਼ ਦੇ ਰਾਹ ਤੁਰ ਪਏ ਸਨ। ਮੁਜ਼ਾਰਿਆਂ ਨੇ ਆਪਣੀਆਂ ਜ਼ਮੀਨਾਂ ਸੰਬੰਧੀ ਅਦਾਲਤਾਂ ਵਿੱਚ ਪੁਖ਼ਤਾ ਸਬੂਤ ਪੇਸ਼ ਕੀਤੇ। ਫਿਰ ਵੀ ਹਾਕਮਾਂ ਦੇ ਪੱਖ ਵਿੱਚ ਭੁਗਤਦੀਆਂ ਅਦਾਲਤਾਂ ਨੇ ਕਾਨੂੰਨੀ ਤੌਰ ’ਤੇ ਮੁਜ਼ਾਰਿਆਂ ਨੂੰ ਬਿਸਵੇਦਾਰਾਂ ਵਾਸਤੇ ਪੈਦਾਵਾਰ ਦਾ ਇੱਕ ਨਿਸ਼ਚਿਤ ਹਿੱਸਾ ਦੇਣ ਲਈ ਪਾਬੰਦ ਕਰ ਦਿੱਤਾ। ਰਿਆਸਤੀ ਅਦਾਲਤਾਂ ਦੀ ਧੱਕੇਸ਼ਾਹੀ ਖ਼ਿਲਾਫ਼ 1911 ਵਿੱਚ ਪਿੰਡ ਕਸਾਏਵਾੜਾ ਵਿੱਚ ਹਾੜ੍ਹੀ ਦੀ ਫ਼ਸਲ ਦੀ ਕਟਾਈ ਸਮੇਂ ਬਿਸਵੇਦਾਰਾਂ ਨੂੰ ਬਟਾਈ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਤੋਂ ਬਾਅਦ ਪਿੰਡ ਕਿਸ਼ਨਗੜ੍ਹ ਤੇ ਰਾਜੋਮਾਜਰਾ ਆਦਿ ਪਿੰਡਾਂ ਦੇ ਮੁਜ਼ਾਰਿਆਂ ਨੇ ਬਿਸਵੇਦਾਰਾਂ ਨੂੰ ਬਟਾਈ ਦਾ ਹਿੱਸਾ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਨਾਲ ਬਿਸਵੇਦਾਰ ਰਿਆਸਤੀ ਪੁਲੀਸ ਤੇ ਆਪਣੇ ਗੁੰਡਿਆਂ ਦੀ ਮੱਦਦ ਨਾਲ ਮੁਜ਼ਾਰਿਆਂ ਉੱਤੇ ਜ਼ੁਲਮ ਕਰ ਲੱਗੇ। ਇਸ ਤੋਂ ਬਾਅਦ ਪਟਿਆਲਾ ਰਿਆਸਤ ਨੇ ਬਟਾਈ ਦਾ ਹਿੱਸਾ ਲੈਣ ਲਈ 1925 ਵਿੱਚ ‘ਠੱਪਾ ਪ੍ਰਣਾਲੀ’ ਦੀ ਥਾਂ ‘ਕਨਕੂਤ ਪ੍ਰਣਾਲੀ’ ਆਰੰਭ ਕੀਤੀ। ਇਸ ਬਾਰੇ ਮੁਜ਼ਾਰਿਆਂ ਵਿੱਚ ਭਾਰੀ ਰੋਸ ਪੈਦਾ ਹੋ ਗਿਆ।

ਇੱਥੇ ਇਹ ਗੱਲ ਵਰਣਨਯੋਗ ਹੈ ਕਿ ਮੁਜ਼ਾਰਾ ਲਹਿਰ ਦੇ ਸੰਘਰਸ਼ ਵਿੱਚ ਪਰਜਾ ਮੰਡਲ ਲਹਿਰ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਸ. ਸੇਵਾ ਸਿੰਘ ਠੀਕਰੀਵਾਲਾ ਦੀ ਅਗਵਾਈ ਹੇਠ ਪਰਜਾ ਮੰਡਲ ਲਹਿਰ ਨੇ ਮੁਜ਼ਾਰਿਆਂ ਤੇ ਕਿਸਾਨਾਂ ਦੀਆਂ ਮੰਗਾਂ ਨੂੰ ਸਿਆਸੀ ਪੱਧਰ ’ਤੇ ਉਠਾਉਣ ਦਾ ਯਤਨ ਕੀਤਾ। ਅਸਲ ਵਿੱਚ ਪਰਜਾ ਮੰਡਲ ਲਹਿਰ ਨੇ ਹੀ ਮੁਜ਼ਾਰਾ ਲਹਿਰ ਨੂੰ ਆਧਾਰ ਪ੍ਰਦਾਨ ਕੀਤਾ ਸੀ। ਪਰਜਾ ਮੰਡਲ ਨੇ ਮੁਜ਼ਾਰਿਆਂ ਦੇ ਹੱਕਾਂ ਦੀ ਪੈਰਵੀ ਲਈ ਧਰਮ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ। ਪਰਜਾ ਮੰਡਲੀਏ ਆਗੂ ਨਿਰੋਲ ਧਾਰਮਿਕ ਦੀਵਾਨ ਦੇ ਨਾਂ ’ਤੇ ਮੁਜ਼ਾਰਿਆਂ ਅਤੇ ਕਿਸਾਨਾਂ ਨੂੰ ਇਕੱਠੇ



Sri Satguru Jagjit Singh Ji eLibrary NamdhariElibrary@gmail.com

ਕਰਦੇ ਸਨ। ਧਾਰਮਿਕ ਦੀਵਾਨ ਹੋਣ ਤੋਂ ਬਾਅਦ ਇਹ ਇਕੱਠ ਸਿਆਸੀ ਰੂਪ ਧਾਰ ਲੈਂਦਾ ਸੀ। ਇਨ੍ਹਾਂ ਤਕਰੀਰਾਂ ਨੇ ਮੁਜ਼ਾਰਿਆਂ ਅੰਦਰੋਂ ਰਜਵਾੜਾਸ਼ਾਹੀ ਦਾ ਡਰ ਖ਼ਤਮ ਕਰ ਦਿੱਤਾ। ਇਹ ਡਰ ਖ਼ਤਮ ਹੋਣ ਨਾਲ ਮੁਜ਼ਾਰੇ ਬਿਸਵੇਦਾਰਾਂ ਨਾਲ ਸਿੱਧੀ ਟੱਕਰ ਲੈਣ ਲੱਗੇ ਸਨ। ਪਰਜਾ ਮੰਡਲ ਲਹਿਰ ਵਿੱਚ ਭਗਵਾਨ ਸਿੰਘ ਲੌਂਗੋਵਾਲੀਆ, ਜੰਗੀਰ ਸਿੰਘ ਜੋਗਾ, ਹਰਦਿੱਤ ਸਿੰਘ ਭੱਠਲ, ਹਰਨਾਮ ਸਿੰਘ ਚਮਕ ਤੇ ਹਰਨਾਮ ਸਿੰਘ ਧਰਮਗੜ੍ਹ ਆਦਿ ਸ਼ਖ਼ਸੀਅਤਾਂ ਦਾ ਵਿਸ਼ੇਸ਼ ਯੋਗਦਾਨ ਹੈ।

ਮੁਜ਼ਾਰਾ ਲਹਿਰ ਨੂੰ ਸੁਸੰਗਠਿਤ ਤੇ ਯੋਜਨਾਬੱਧ ਤਰੀਕੇ ਨਾਲ ਚਲਾਉਣ ਲਈ ਕਿਸਾਨ ਮੁਜ਼ਾਰਾ ਕਮੇਟੀ ਤੇ ਫਿਰ ਮੁਜ਼ਾਰਾ ਵਾਰ ਕੌਂਸਲ ਦਾ ਗਠਨ ਕੀਤਾ ਗਿਆ। ਇਨ੍ਹਾਂ ਕਮੇਟੀਆਂ ਨੇ ਬਟਾਈ ਨਾ ਦੇਣ ਦੀ ਮੁਹਿੰਮ ਨੂੰ ਵਿਸਥਾਰ ਦੇਣ ਅਤੇ ਬਿਸਵੇਦਾਰਾਂ ਦੀਆਂ ਮੁਜ਼ਾਰਾ ਵਿਰੋਧੀ ਗਤੀਵਿਧੀਆਂ ਦਾ ਟਾਕਰਾ ਕਰਨ ਲਈ ਯੋਜਨਾ ਬਣਾਉਣੀ ਸੀ। ਮੁਜ਼ਾਰਾ ਲਹਿਰ ਦੀ ਅਗਵਾਈ ਕਾਮਰੇਡ ਧਰਮ ਸਿੰਘ ਫੱਕਰ, ਜੰਗੀਰ ਸਿੰਘ ਜੋਗਾ, ਸੰਤਾ ਸਿੰਘ ਚਕੇਰੀਆਂ, ਹਰਨਾਮ ਸਿੰਘ ਚਮਕ, ਗਿਆਨੀ ਬਚਨ ਸਿੰਘ, ਉਜਾਗਰ ਸਿੰਘ ਕਿਰਤੀ, ਹਰੀ ਸਿੰਘ, ਕੇਹਰ ਸਿੰਘ ਆਦਿ ਮੁਜ਼ਾਰਾ ਆਗੂ ਕਰ ਰਹੇ ਸਨ।

ਮੁਜ਼ਾਰਾ ਲਹਿਰ ਦੇ ਸੰਘਰਸ਼ ਵਿੱਚ ਲਾਲ ਪਾਰਟੀ ਦਾ ਅਹਿਮ ਯੋਗਦਾਨ ਰਿਹਾ। ਇਸ ਪਾਰਟੀ ਦਾ ਗਠਨ 8 ਜਨਵਰੀ 1948 ਨੂੰ ਨਕੋਦਰ ਵਿਖੇ ਕੀਤਾ ਗਿਆ ਸੀ। ਇਸ ਪਾਰਟੀ ਦੀ ਕੇਂਦਰੀ ਕਮੇਟੀ ਵਿੱਚ ਕਾਮਰੇਡ ਤੇਜਾ ਸਿੰਘ ਸੁਤੰਤਰ, ਡਾ. ਭਾਗ ਸਿੰਘ, ਰਾਮ ਸਿੰਘ ਦੱਤ, ਬਾਬਾ ਬੂਝਾ ਸਿੰਘ, ਵਧਾਵਾ ਰਾਮ, ਛੱਜੂ ਮੱਲ ਵੈਦ ਤੇ ਗੁਰਚਰਨ ਸਿੰਘ ਸਹਿੰਸਰਾ ਸ਼ਾਮਲ ਸਨ। ਬਿਸਵੇਦਾਰਾਂ ਦੇ ਜ਼ੁਲਮਾਂ ਦਾ ਟਾਕਰਾ ਕਰਨ ਵਾਸਤੇ ਕਾਮਰੇਡ ਤੇਜਾ ਸਿੰਘ ਨੇ ਮੁਜ਼ਾਰਾ ਲਹਿਰ ਦੇ ਵਰਕਰਾਂ ਨੂੰ ਹਥਿਆਰਾਂ ਦੀ ਸਿਖਲਾਈ

ਲਈ ਇੱਕ ਤਕੜਾ ਗਰੁੱਪ ਖੜ੍ਹਾ ਕਰ ਲਿਆ ਸੀ। ਇਸੇ ਕਾਰਨ ਇਸ ਵੱਡੇ ਸੰਘਰਸ਼ ਵਿੱਚ ਮੁਜ਼ਾਰਿਆਂ ਦਾ ਬਹੁਤ ਘੱਟ ਜਾਨੀ ਨੁਕਸਾਨ ਹੋਇਆ। ਸੁਰੱਖਿਆ ਮਿਲਣ ਸਦਕਾ ਮੁਜ਼ਾਰੇ ਹੁਣ ਬਿਸਵੇਦਾਰਾਂ ਦੀਆਂ ਵਧੀਕੀਆਂ ਦਾ ਖੁੱਲ੍ਹ ਕੇ ਵਿਰੋਧ ਕਰਨ ਲੱਗੇ। ਲਾਲ ਪਾਰਟੀ ਦੇ ਆਗੂਆਂ ਨੇ ਮੁਜ਼ਾਰਾ ਲਹਿਰ ਦੇ ਸੰਘਰਸ਼ ਨੂੰ ਸਹੀ ਦਿਸ਼ਾ ਵੱਲ ਲਿਜਾਣ ਵਾਸਤੇ ਸੰਜੀਦਗੀ ਨਾਲ ਕੰਮ ਕੀਤਾ।

ਮੁਜ਼ਾਰਾ ਲਹਿਰ ਦੇ ਸੰਘਰਸ਼ ਵਿੱਚ ਇਹ ਗੱਲ ਵਿਚਾਰਨ ਵਾਲੀ ਹੈ ਕਿ ਪਟਿਆਲਾ ਰਿਆਸਤ ਨੇ ਇਸ ਲਹਿਰ ਦੇ ਪ੍ਰਭਾਵ ਹੇਠ 11 ਮਾਰਚ 1947 ਨੂੰ ਸ਼ਾਹੀ ਫ਼ੁਰਮਾਨ ਜਾਰੀ ਕੀਤਾ। ਇਸ ਫ਼ੁਰਮਾਨ ਰਾਹੀਂ ਸਮਝੌਤਾਵਾਦੀ ਨੀਤੀ ਤਹਿਤ ਮੁਜ਼ਾਰਿਆਂ ਦੀ ਜ਼ਮੀਨ ਦੋਵਾਂ ਧਿਰਾਂ ਵਿੱਚ ਵੰਡਣ ਦੀ ਗੱਲ ਕੀਤੀ ਗਈ ਸੀ, ਪਰ ਮੁਜ਼ਾਰਿਆਂ ਨੇ ਇਹ ਸਮਝੌਤਾ ਰੱਦ ਕਰ ਦਿੱਤਾ। ਸ਼ਾਹੀ ਫ਼ੁਰਮਾਨ ਲਾਗੂ ਕਰਾਉਣ ਲਈ ਮੁਜ਼ਾਰਿਆਂ ਉੱਤੇ ਤਸ਼ੱਦਦ ਦੀਆਂ ਬਹੁਤ ਸਾਰੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਮੁਜ਼ਾਰਿਆਂ ਤੇ ਬਿਸਵੇਦਾਰਾਂ ਦੀ ਟੱਕਰ ਵਿੱਚ ਕਿਸ਼ਨਗੜ੍ਹ ਦਾ ਸੰਘਰਸ਼ ਬਹੁਤ ਪ੍ਰਸਿੱਧ ਹੈ। ਇਸ ਪਿੰਡ ਦੇ ਬਿਸਵੇਦਾਰ ਭਗਵਾਨ ਸਿੰਘ ਤੇ ਸਿਆਸਤ ਸਿੰਘ ਮੁਜ਼ਾਰਿਆਂ ਦੀ ਜ਼ਮੀਨ ਦੇ ਦਾਅਵੇਦਾਰ ਬਣੇ ਬੈਠੇ ਸਨ। ਸਿਆਸਤ ਸਿੰਘ ਪੁਲੀਸ ਵਿੱਚ ਅਫ਼ਸਰ ਵੀ ਸੀ। ਇਨ੍ਹਾਂ ਦੋਵਾਂ ਨੇ ਸ਼ਾਹੀ ਫ਼ੁਰਮਾਨ ਤਹਿਤ ਮੁਜ਼ਾਰਿਆਂ ਦੀ ਜ਼ਮੀਨ ਦੇ ਵੱਡੇ ਹਿੱਸੇ ’ਤੇ ਕਬਜ਼ਾ ਕਰਨ ਦੀ ਯੋਜਨਾ ਤਹਿਤ ਪਿੰਡ ਵਿੱਚ ਸਰਕਾਰੀ ਅਮਲੇ ਤੇ ਪੁਲੀਸ ਨੂੰ ਭੇਜਿਆ। ਇਹ ਖ਼ਬਰ ਪੂਰੇ ਇਲਾਕੇ ਵਿੱਚ ਫੈਲ ਗਈ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਮੁਜ਼ਾਰੇ ਇਸ ਪਿੰਡ ਵਿੱਚ ਇਕੱਠੇ ਹੋ ਗਏ। ਮੁਜ਼ਾਰਿਆਂ ਦੀ ਬਿਸਵੇਦਾਰਾਂ ਨਾਲ ਬੜੀ ਜ਼ਬਰਦਸਤ ਟੱਕਰ ਹੋਈ, ਪਰ ਉਹ ਬਿਸਵੇਦਾਰਾਂ ਅੱਗੇ ਨਾ ਝੁਕੇ। ਉਨ੍ਹਾਂ 84 ਏਕੜ ਗੰਨੇ ਦੀ ਫ਼ਸਲ ਬਿਨਾ ਬਟਾਈ ਦਿੱਤੇ ਕੱਟਣੀ ਸ਼ੁਰੂ ਕਰ ਦਿੱਤੀ ਤੇ ਇਸ ਦਾ ਗੁੜ ਬਣਾ ਕੇ ਮੁਜ਼ਾਰਿਆਂ ਵਿੱਚ ਵੰਡਣਾ ਸ਼ੁਰੂ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਪਿੰਡ ਵਿੱਚ ਮੁਜ਼ਾਰਿਆਂ ਨੂੰ ਦਬਾਉਣ ਲਈ ਹਥਿਆਰਬੰਦ ਫ਼ੌਜ (ਸਮੇਤ ਟੈਂਕਾਂ ਦੇ) ਬੁਲਾਈ ਗਈ।

ਪਿੰਡ ਵਿੱਚੋਂ ਬਹੁਤ ਸਾਰੇ ਮੁਜ਼ਾਰਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਉਨ੍ਹਾਂ ਨੇ ਕੋਈ ਸਮਝੌਤਾ ਨਹੀਂ ਕੀਤਾ। ਇਸ ਸੰਘਰਸ਼ ਦੀ ਅਗਵਾਈ ਕਾਮਰੇਡ ਧਰਮ ਸਿੰਘ ਫੱਕਰ ਕਰ ਰਹੇ ਸਨ। ਇਹ ਘਟਨਾ ਮੁਜ਼ਾਰਾ ਏਕਤਾ ਦੀ ਅਦੁੱਤੀ ਮਿਸਾਲ ਸੀ। ਇਹ ਘਟਨਾ 18 ਮਾਰਚ 1949 ਦੀ ਹੈ। ਇਹ ਗੱਲ ਵੀ ਵਰਣਨਯੋਗ ਹੈ ਕਿ ਕੇਂਦਰ ਸਰਕਾਰ ਤੇ ਪੈਪਸੂ ਵਿੱਚ ਗਿਆਨ ਸਿੰਘ ਰਾੜੇਵਾਲਾ ਦੀ ਸਰਕਾਰ ਬਿਸਵੇਦਾਰਾਂ ਨਾਲ ਮਿਲ ਕੇ ਮੁਜ਼ਾਰਿਆਂ ਨੂੰ ਤੰਗ ਪ੍ਰੇਸ਼ਾਨ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਅ ਰਹੀਆਂ ਸਨ।

ਮੁਜ਼ਾਰਾ ਲਹਿਰ ਦੇ ਆਗੂ, ਕਿਸਾਨ ਸਭਾਵਾਂ ਤੇ ਖੱਬੇਪੱਖੀ ਧਿਰਾਂ ਕੇਂਦਰ ਸਰਕਾਰ ਉੱਤੇ ਮੁਜ਼ਾਰਿਆਂ ਦੀ ਜ਼ਮੀਨ ਦੀ ਮਾਲਕੀ ਨਾਲ ਸੰਬੰਧਿਤ ਸਮੱਸਿਆ ਦੇ ਹੱਲ ਲਈ ਨਿਰੰਤਰ ਦਬਾਅ ਬਣਾ ਰਹੀਆਂ ਸਨ। ਪੈਪਸੂ ਦੇ ਹਾਲਾਤ ਕਾਫ਼ੀ ਵਿਗੜ ਰਹੇ ਸਨ। ਕ੍ਰਾਂਤੀਕਾਰੀ ਧਿਰਾਂ ਦੀ ਅਗਵਾਈ ਕਾਰਨ ਕੇਂਦਰ ਸਰਕਾਰ ਹਾਲਾਤ ’ਤੇ ਪੂਰੀ ਨਜ਼ਰ ਰੱਖ ਰਹੀ ਸੀ। ਅੰਤ ਭਾਰੀ ਦਬਾਅ ਅੱਗੇ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਤੇ ਮੁਜ਼ਾਰਿਆਂ ਦੀਆਂ ਮੰਗਾਂ ਸੰਬੰਧੀ ਚਾਰ ਕਾਨੂੰਨ ਪਾਸ ਕਰਨੇ ਪਏ- ਆਲ੍ਹਾ ਮਾਲਕੀ ਹੱਕਾਂ ਦੇ ਖਾਤਮੇ ਸੰਬੰਧੀ ਕਾਨੂੰਨ (1953), ਮੌਰੂਸੀ ਮੁਜ਼ਾਰਿਆਂ ਨੂੰ ਮਾਲਕੀ ਹੱਕ ਦੇਣ ਲਈ ਕਾਨੂੰਨ (1953), ਮੁਜ਼ਾਰਾ ਅਤੇ ਖੇਤੀਬਾੜੀ ਜ਼ਮੀਨ ਕਾਨੂੰਨ (1953) ਅਤੇ ਪੈਪਸੂ ਮੁਜ਼ਾਰਾ ਤੇ ਜ਼ਰਾਇਤੀ ਕਾਨੂੰਨ (1955)। ਪਹਿਲੇ ਕਾਨੂੰਨ ਰਾਹੀਂ ਮਾਲੇਰਕੋਟਲਾ ਤੇ ਫ਼ਰੀਦਕੋਟ ਆਦਿ ਰਿਆਸਤਾਂ ਦੇ ਆਲ੍ਹਾ ਮਾਲਕੀ ਹੱਕ ਖ਼ਤਮ ਕਰ ਦਿੱਤੇ ਗਏ। ਦੂਜੇ ਕਾਨੂੰਨ ਰਾਹੀਂ ਮੁਜ਼ਾਰਿਆਂ ਦੀਆਂ ਜ਼ਮੀਨਾਂ ਸੰਬੰਧੀ ਬਿਸਵੇਦਾਰਾਂ ਦੇ ਸਾਰੇ ਦਾਅਵੇ ਰੱਦ ਕਰਕੇ ਮੁਜ਼ਾਰਿਆਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਗਿਆ। ਤੀਜਾ ਕਾਨੂੰਨ ਕੱਚੇ ਮੁਜ਼ਾਰਿਆਂ ਦੇ ਹੱਕਾਂ ਨੂੰ ਕਾਨੂੰਨੀ ਸੁਰੱਖਿਆ ਪ੍ਰਦਾਨ ਕਰਨ ਨਾਲ ਸੰਬੰਧਿਤ ਹੈ। ਚੌਥਾ ਕਾਨੂੰਨ ਪਹਿਲਾਂ ਪਾਸ ਕੀਤੇ ਗਏ ਕਾਨੂੰਨਾਂ ਵਿੱਚ ਸੋਧਾਂ ਅਤੇ ਜ਼ਮੀਨੀ ਸੁਧਾਰਾਂ ਦੀ ਵਿਵਸਥਾ ਨਾਲ ਸੰਬੰਧਿਤ ਸੀ। ਜ਼ਮੀਨ ਮਾਲਕੀ ਸੰਬੰਧੀ ਕਾਨੂੰਨ

ਪਾਸ ਹੋਣ ਤੋਂ ਬਾਅਦ ਮੁਜ਼ਾਰਾ ਲਹਿਰ ਸਮਾਪਤ ਹੋ ਗਈ। 1956 ਵਿੱਚ ਪੈਪਸੂ ਨੂੰ ਤੋੜ ਕੇ ਪੰਜਾਬ ਵਿੱਚ ਮਿਲਾ ਲਿਆ ਗਿਆ।

## ਮੁਜ਼ਾਰਾ ਲਹਿਰ ਦੀ ਜਿੱਤ ਦੇ ਕਾਰਨ

ਮੁਜ਼ਾਰਾ ਲਹਿਰ ਦੇ ਸੰਘਰਸ਼ ਵਿੱਚ ਮੁਜ਼ਾਰਿਆਂ ਦੀ ਜਿੱਤ ਦੇ ਕੁਝ ਪ੍ਰਮੁੱਖ ਕਾਰਨ ਸਨ। ਇਨ੍ਹਾਂ ਵਿੱਚ ਯੋਗ ਤੇ ਸਾਫ-ਸੁਥਰੇ ਅਕਸ ਵਾਲੇ ਆਗੂਆਂ ਅਗਵਾਈ, ਮੁਜ਼ਾਰਿਆਂ ਦਾ ਏਕਤਾ ਵਿੱਚ ਬੱਝੇ ਹੋਣਾ, ਪਿੰਡ ਪੱਧਰ ' ਮੁਜ਼ਾਰਾ ਵਾਰ ਕੌਂਸਲ ਦਾ ਗਠਨ, ਮੁਜ਼ਾਰਾ ਲਹਿਰ ਦੁਆਰਾ ਸੁਯੋਗ ਹਥਿਆਰਬੰਦ ਦਸਤੇ ਬਣਾਉਣੇ, ਇਸ ਲਹਿਰ ਦਾ ਸੁਸੰਗਠਿਤ ਸੰਚਾਰ ਪ੍ਰਬੰਧ ਤੇ ਯੋਜਨਾਬੱਧ ਕੂਟਨੀਤਿਕ ਪਲੈਨਿੰਗ, ਪੈਪਸੂ ਦੀ ਜ਼ਮੀਨ ਦੀ ਮਾਲਕੀ ਵਾਲੀ ਮੱਧਵਰਗੀ ਕਿਸਾਨੀ ਦਾ ਮੁਜ਼ਾਰਿਆਂ ਦਾ ਸਾਥ ਦੇਣਾ, ਇਸ ਲਹਿਰ ਵਿੱਚ ਔਰਤਾਂ ਦਾ ਸ਼ਾਮਲ ਹੋਣਾ, ਪੰਜਾਬ ਦੇ ਕਿਸਾਨ ਆਗੂਆਂ ਦਾ ਮੁਜ਼ਾਰਾ ਲਹਿਰ ਦਾ ਸਮਰਥਨ ਕਰਨਾ, ਲਾਲ ਪਾਰਟੀ ਤੇ ਖੱਬੇਪੱਖੀ ਕ੍ਰਾਂਤੀਕਾਰੀ ਲਹਿਰ ਦੀ ਅਗਵਾਈ ਆਦਿ ਨੂੰ ਵਿਚਾਰ ਸਕਦੇ ਹਾਂ।

ਮੁਜ਼ਾਰਾ ਲਹਿਰ ਦੇ ਸੰਘਰਸ਼ ਦੀ ਜਿੱਤ ਦੇ ਵਿਆਪਕ ਪ੍ਰਭਾਵ ਪਏ ਜਿਨ੍ਹਾਂ ਨੂੰ ਵਿਚਾਰਨਾ ਬੜਾ ਜ਼ਰੂਰੀ ਹੈ। ਇਸ ਲਹਿਰ ਦੀ ਸਭ ਤੋਂ ਵੱਡੀ ਪ੍ਰਾਪਤੀ ਮੁਜ਼ਾਰਿਆਂ ਵਿੱਚ ਸਮਾਜਿਕ ਚੇਤਨਤਾ ਪੈਦਾ ਕਰਨ ਨਾਲ ਸੰਬੰਧਤ ਹੈ। ਇਸ ਲਹਿਰ ਨੇ ਪਹਿਲੀ ਵਾਰੀ ਮੁਜ਼ਾਰਿਆਂ ਨੂੰ ਬਿਸਵੇਦਾਰਾਂ ਵੱਲੋਂ ਉਨ੍ਹਾਂ ਨਾਲ ਪੈਰ-ਪੈਰ ਤੇ ਕੀਤੇ ਜਾਂਦੇ ਧੱਕਿਆਂ ਬਾਰੇ ਚੇਤੰਨ ਕੀਤਾ ਸੀ। ਇਹ ਪਹਿਲੀ ਵਾਰ ਹੋਇਆ ਕਿ ਇੰਨੀ ਵਿਆਪਕ ਪੱਧਰ ਤੇ ਮੁਜ਼ਾਰਿਆਂ ਅੰਦਰ ਚੇਤੰਨਤਾ ਪੈਦਾ ਹੋਈ ਹੋਵੇ। ਇਸ ਲਹਿਰ ਨੇ ਸਮੁੱਚੇ ਮੁਜ਼ਾਰਿਆਂ ਨੂੰ ਆਰਥਿਕ, ਸਮਾਜਿੱਕ ਅਤੇ ਸਿਆਸੀ ਮੁੱਦਿਆਂ ਤੇ ਇੱਕਜੁੱਟ ਹੋ ਕੇ ਸੰਘਰਸ਼ ਕਰਨ ਲਈ ਪ੍ਰੇਰਿਆ। ਇਸ ਲਹਿਰ ਦੇ ਸੰਘਰਸ਼ ਨੇ ਬਿਸਵੇਦਾਰਾਂ ਦੇ ਵਿਸ਼ੇਸ਼ ਅਧਿਕਾਰਾਂ ਦਾ ਖ਼ਾਤਮਾ ਕਰ

ਦਿੱਤਾ ਸੀ ਅਤੇ ਉਨ੍ਹਾਂ ਮੁਜ਼ਾਰਿਆਂ ਦੀ ਜ਼ਮੀਨ ਦੇ ਮਾਲਕੀ ਹੱਕ ਹੀ ਨਹੀਂ ਛੱਡਣੇ ਪਏ ਸਗੋਂ 30 ਸਟੈਂਡਰਡ ਏਕੜ ਦੀ ਸੀਲਿੰਗ ਲਾਗੂ ਹੋਣ ਕਾਰਨ ਬਿਸਵੇਦਾਰਾਂ ਨੂੰ ਆਪਣੀ ਜ਼ਮੀਨ ਦੇ ਮਾਲਕੀ ਹੱਕ ਵੀ ਛੱਡਣੇ ਪਏ। ਇਸ ਲਹਿਰ ਨੇ ਸਾਫ–ਸੁਥਰੇ ਅਕਸ ਵਾਲੇ ਬਹੁਤ ਸਾਰੇ ਲੋਕ ਆਗੂ ਪੈਦਾ ਕੀਤੇ ਜੋ ਬਾਅਦ ਵਿੱਚ ਵੀ ਸਾਡੇ ਸਮਾਜ ਨੂੰ ਸਰਮਾਏਦਾਰੀ ਸਮਾਜ ਦੀਆਂ ਅਲਾਮਤਾਂ ਬਾਰੇ ਚੇਤੰਨ ਕਰਦੇ ਹੋਏ ਸੰਘਰਸ਼ ਜਾਰੀ ਰੱਖਣ ਲਈ ਨਾਅਰਾ ਮਾਰਦੇ ਰਹੇ। ਮੁਜ਼ਾਰਾ ਲਹਿਰ ਦੇ ਸੰਘਰਸ਼ ਕਾਰਨ ਹੀ ਪੈਪਸੂ ਰਾਜ ਹੋਂਦ ਵਿੱਚ ਆਇਆ ਸੀ ਅਤੇ ਫਿਰ ਇਸ ਨੂੰ ਪੰਜਾਬ ਵਿੱਚ ਮਿਲਾ ਲਿਆ ਗਿਆ। ਇਸ ਲਹਿਰ ਨੇ ਸਮਾਜ ਦੇ ਵੱਖ–ਵੱਖ ਵਰਗਾਂ ਵਿੱਚ ਆਪਸੀ ਭਾਈਚਾਰਕ ਸਾਂਝ ਪੈਦਾ ਕੀਤੀ ਸੀ। ਇਸ ਲਹਿਰ ਨੇ ਸਮਾਜ ਨੂੰ ਬਿਸਵੇਦਾਰੀ ਤੇ ਰਜਵਾੜਾਸ਼ਾਹੀ ਪ੍ਰਬੰਧ ਤੋਂ ਮੁਕਤ ਕਰਾ ਕੇ ਸਮਾਜਿੱਕ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ। ਮੁਜ਼ਾਰਾ ਲਹਿਰ ਨੇ ਰਿਆਸਤਾਂ ਦੀਆਂ ਔਰਤਾਂ ਅੰਦਰ ਚੇਤਨਾ ਪੈਦਾ ਕਰਕੇ ਉਨ੍ਹਾਂ ਨੂੰ ਆਰਥਿਕ, ਸਮਾਜਿਕ ਤੇ ਸਿਆਸੀ ਸੰਘਰਸ਼ ਵਿੱਚ ਅੱਗੇ ਆਉਣ ਲਈ ਪ੍ਰੇਰਿਆ ਹੈ। ਨਿਰਸੰਦੇਹ ਇਹ ਲਹਿਰ ਕਿਸੇ ਵੀ ਸੰਘਰਸ਼ ਲਈ ਮਾਰਗ ਦਰਸ਼ਨ ਦਾ ਕੰਮ ਕਰ ਸਕਦੀ ਹੈ। (ਵਿਸਥਾਰ ਲਈ 'ਪੈਪਸੂ ਦੀ ਮੁਜ਼ਾਰਾ ਲਹਿਰ : ਸੰਘਰਸ਼ ਦਾ ਇਤਿਹਾਸ' ਪੁਸਤਕ ਪੜ੍ਹੀ ਜਾ ਸਕਦੀ ਹੈ।)

ਇਸ ਅੰਕ ਦੀਆਂ ਤਸਵੀਰਾਂ ਲਈ ਧੰਨਵਾਦ: ਅਮਰਜੀਤ ਚੰਦਨ, ਚ.ਲ. ਕੰਗਣੀਵਾਲ, ਡਾ. ਬ. ਸਿੰਘ

ਸੰਪਰਕ: 70876-82164

**ਖੁਸ਼ਹੈਸੀਅਤ ਟੈਕਸ ਵਿਰੋਧੀ ਮੋਰਚਾ**



Sri Satguru Jagjit Singh Ji eLibrary NamdhariElibrary@gmail.com

ਪੰਜਾਬ ਵਿੱਚ ਕਿਸਾਨੀ ਸੰਘਰਸ਼ਾਂ ਦੀ ਵਿਰਾਸਤ ਗੌਰਵਮਈ ਹੈ। ਅੰਗਰੇਜ਼ ਸਾਮਰਾਜ ਦੇ ਸਮੇਂ ਤੋਂ ਹੀ ਪੰਜਾਬ ਦੀ ਕਿਸਾਨੀ ਹਾਕਮਾਂ ਵੱਲੋਂ ਜਬਰੀ ਥੋਪੇ ਗਏ ਖੇਤੀ ਵਿਰੋਧੀ ਕਾਨੂੰਨਾਂ ਅਤੇ ਵਿਤਕਰਿਆਂ ਵਿਰੁੱਧ ਸੰਘਰਸ਼ ਕਰਦੀ ਆ ਰਹੀ ਹੈ। ਅੰਗਰੇਜ਼ਾਂ ਦੇ ਰਾਜ ਤੋਂ ਸੁਤੰਤਰਤਾ ਹਾਸਲ ਕਰਨ ਮਗਰੋਂ ਦੇਸ਼ ਦੇ ਹਾਕਮਾਂ ਨੇ ਭਾਰਤ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਹਿੱਤ ਕਿਸਾਨਾਂ ਨੂੰ ਸਿੰਚਾਈ ਦੀ ਸਹੂਲਤ ਦੇਣ ਲਈ ਭਾਖੜਾ ਡੈਮ ਪ੍ਰੋਜੈਕਟ ਸ਼ੁਰੂ ਕੀਤਾ। ਇਸ ਪ੍ਰੋਜੈਕਟ ਦੀ ਉਸਾਰੀ ਲਈ ਕੇਂਦਰ ਸਰਕਾਰ ਨੇ 104 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਕਰਜ਼ੇ ਦੇ ਰੂਪ ਵਿੱਚ ਦਿੱਤੇ ਸਨ। ਇਹ ਰਕਮ ਪੰਜਾਬ ਸਰਕਾਰ ਨੇ ਕੇਂਦਰ ਨੂੰ ਵਾਪਸ ਕਰਨੀ ਸੀ। ਥੋੜ੍ਹੇ ਹੀ ਸਮੇਂ ਬਾਅਦ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਨੇ ਇਸ ਪ੍ਰੋਜੈਕਟ ਉੱਤੇ ਹੋਏ ਖਰਚੇ ਦੀ ਭਰਪਾਈ ਲਈ ਕਿਸਾਨਾਂ ਉੱਤੇ ਵਾਧੂ ਟੈਕਸ ਲਗਾ ਦਿੱਤਾ। ਇਸ ਟੈਕਸ ਤਹਿਤ 1959 ਵਿੱਚ ਪੰਜਾਬ ਦੇ ਨਹਿਰੀ ਪਾਣੀ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਤੋਂ ਪ੍ਰਤੀ ਏਕੜ ਦੇ ਹਿਸਾਬ ਨਾਲ ਪੈਸੇ ਵਸੂਲਣੇ ਸ਼ੁਰੂ ਕਰ ਦਿੱਤੇ ਸਨ। ਸਰਕਾਰ ਨੇ ਇਸ ਟੈਕਸ ਨੂੰ 'ਖੁਸ਼ਹੈਸੀਅਤ ਟੈਕਸ' ਦਾ ਨਾਂ ਦਿੱਤਾ ਸੀ, ਪਰ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਵਿਰੁੱਧ ਕਿਸਾਨਾਂ ਨੇ ਸੰਘਰਸ਼ ਸ਼ੁਰੂ ਕਰ ਦਿੱਤਾ। ਇਹ ਘੋਲ ਪੰਜਾਬ ਦੀ ਕਿਸਾਨ ਸਭਾ ਦੀ ਅਗਵਾਈ ਵਿੱਚ ਲੜਿਆ ਗਿਆ। ਪੰਜਾਬ ਵਿੱਚ ਕਿਸਾਨ ਸਭਾ ਦੋ ਪਾਰਟੀਆਂ ਭਾਰਤੀ ਕਮਿਊਨਿਸਟ ਪਾਰਟੀ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਅਗਵਾਈ ਹੇਠ ਕੰਮ ਕਰ ਰਹੀ ਸੀ। ਇਸ ਸੰਘਰਸ਼ ਦੀ ਖਾਸੀਅਤ ਇਹ ਹੈ ਕਿ ਕਿਸਾਨ ਸਭਾ ਨੂੰ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਵਿੱਚ ਵਿਚਾਰਧਾਰਕ ਸੇਧ ਮਿਲ ਰਹੀ ਸੀ।

ਪੰਜਾਬ ਦੀ ਕਿਸਾਨ ਸਭਾ ਦੀ ਅਗਵਾਈ ਹੇਠ ਪੰਜਾਬ ਦੇ ਕਿਸਾਨਾਂ ਨੇ ਸਰਕਾਰ ਦੁਆਰਾ ਪਾਏ ਜਾ ਰਹੇ ਇਸ ਵਾਧੂ ਭਾਰ ਵਿਰੁੱਧ ਸੰਘਰਸ਼ ਆਰੰਭ ਕਰ ਦਿੱਤਾ। ਇਸ ਸੰਘਰਸ਼ ਵਿੱਚ ਪੰਜਾਬ ਦੇ ਤਕਰੀਬਨ ਸਾਰੇ ਲੋਕਪੱਖੀ ਆਗੂ ਸ਼ਾਮਲ ਹੋਏ। ਇਹ

ਮੋਰਚਾ 21 ਜਨਵਰੀ 1959 ਨੂੰ ਆਰੰਭ ਹੋਇਆ ਅਤੇ ਸਰਕਾਰ ਦੇ ਟੈਕਸ ਵਾਪਸ ਲੈਣ ਨਾਲ 22 ਮਾਰਚ 1959 ਨੂੰ ਸਮਾਪਤ ਹੋ ਗਿਆ। ਇਨ੍ਹਾਂ ਦੋ ਮਹੀਨਿਆਂ ਦੌਰਾਨ ਪੰਜਾਬ ਅੰਦਰ ਇੱਕ ਤਰ੍ਹਾਂ ਦਾ ਪੁਲੀਸ ਰਾਜ ਹੀ ਸੀ। ਇਸ ਸੰਘਰਸ਼ ਦੌਰਾਨ ਲਗਭਗ 19000 ਕਿਸਾਨਾਂ ਨੇ ਭਾਗ ਲਿਆ ਜਿਨ੍ਹਾਂ ਵਿਚੋਂ 10000 ਕਿਸਾਨ ਜੇਲ੍ਹਾਂ ਵਿੱਚ ਡੱਕ ਦਿੱਤੇ ਗਏ। ਜੇਲ੍ਹਾਂ ਵਿੱਚ ਬੰਦ ਕੀਤੇ ਕਿਸਾਨਾਂ ਵਿਚੋਂ 3000 ਹਜ਼ਾਰ ਕਿਸਾਨਾਂ ਉੱਪਰ ਘੋਰ ਤਸ਼ੱਦਦ ਕੀਤਾ ਗਿਆ। ਇਸ ਸੰਘਰਸ਼ ਵਿੱਚ ਕੁਝ ਕਿਸਾਨਾਂ (ਸਮੇਤ ਔਰਤਾਂ) ਨੂੰ ਆਪਣੀ ਜਾਨ ਵੀ ਗੁਆਉਣੀ ਪਈ। ਇਸ ਸੰਘਰਸ਼ ਦੌਰਾਨ ਸਰਕਾਰ ਨੇ ਕਿਸਾਨਾਂ ਉੱਤੇ ਬਹੁਤ ਸਾਰੇ ਜ਼ੁਲਮ ਢਾਹੇ। ਬਾਬਾ ਭਗਤ ਸਿੰਘ ਬਿਲਗਾ ਵਰਗੇ ਸੱਚੇ-ਸੁੱਚੇ ਦੇਸ਼ ਭਗਤ ਨੂੰ ਵੀ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵੱਲੋਂ ਸ਼ਰੇਆਮ ਗੋਲੀ ਨਾਲ ਉਡਾਉਣ ਦੀ ਧਮਕੀ ਦੀਆਂ ਗੱਲਾਂ ਵੀ ਸਾਹਮਣੇ ਆਉਂਦੀਆਂ ਹਨ। (ਚਰੰਜੀ ਲਾਲ ਕੰਗਣੀਵਾਲ)।

ਪੰਜਾਬ ਦਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਖੁੱਲ੍ਹੇਆਮ ਇਹ ਕਿਹਾ ਕਰਦਾ ਸੀ ਕਿ “ਜੱਟ ਤਾਂ ਸੁਹਾਗੇ ’ਤੇ ਚੜ੍ਹਿਆ ਮਾਣ ਨਹੀਂ ਹੁੰਦਾ, ਮੈਂ ਤਾਂ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ’ਤੇ ਬੈਠਾ ਹਾਂ। ਮੈਨੂੰ ਕੌਣ ਝੁਕਾ ਸਕਦਾ ਹੈ।” (ਲਹਿੰਬਰ ਸਿੰਘ ਤੱਗੜ, ਕਿਸਾਨ ਲਹਿਰ, 2006, ਪੰਨਾ 7)। ਪੰਜਾਬ ਦੇ ਕਿਸਾਨਾਂ ਨੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਅਤੇ ਸੰਘਰਸ਼ ਸ਼ੁਰੂ ਕੀਤਾ। ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਇਸ ਸਮੇਂ ਦੌਰਾਨ ਕਿਸਾਨਾਂ ਉੱਤੇ ਹੋਏ ਜ਼ੁਲਮ ਦਾ ਜ਼ਿਕਰ ਕਰਦਿਆਂ ਲਿਖਦੇ ਹਨ, “ਸੰਗਰੂਰ ਜ਼ਿਲ੍ਹੇ ਵਿੱਚ ਸੱਤਿਆਗ੍ਰਹੀਆਂ ਉੱਪਰ ਜਿਹੜਾ ਜਬਰ ਢਾਹਿਆ ਗਿਆ, ਉਸ ਨੇ ਅਕਾਲੀ ਮੋਰਚੇ ਦੌਰਾਨ ਗੁਰੂ ਕੇ ਬਾਗ ਵਿੱਚ ਲੋਕਾਂ ਉੱਪਰ ਢਾਹੇ ਜਬਰ ਦੀ ਯਾਦ ਤਾਜ਼ਾ ਕਰਵਾ ਦਿੱਤੀ। ਬਠਿੰਡਾ ਅਤੇ ਫ਼ਿਰੋਜ਼ਪੁਰ ਵਿੱਚ ਵੀ ਅਜਿਹਾ ਹੀ ਹਾਲ ਕੀਤਾ ਗਿਆ। ਜਲੰਧਰ ’ਚ ਜਿੱਥੇ ਪੁਲੀਸ ਨੇ ਹੋਰ ਥਾਵਾਂ ਨਾਲੋਂ ਵਧੇਰੇ ਜਬਰ ਢਾਹਿਆ ਸੀ, ਪਿੰਡਾਂ ਦੇ ਘੇਰਿਆਂ ਪਿੱਛੋਂ ਲੋਕਾਂ ਨੇ ਹੋਰ ਵੀ ਵੱਡੀ ਗਿਣਤੀ ’ਚ ਸੱਤਿਆਗ੍ਰਹਿ ਲਈ

ਆਪਣੇ-ਆਪ ਨੂੰ ਪੇਸ਼ ਕੀਤਾ।'' (ਖੁਸ਼ਹੈਸੀਅਤ ਟੈਕਸ ਵਿਰੋਧੀ ਮੋਰਚਾ, ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ)।

ਇਸ ਸੰਘਰਸ਼ ਵਿੱਚ ਔਰਤਾਂ ਨੇ ਵੀ ਵੱਡੇ ਪੱਧਰ 'ਤੇ ਹਿੱਸਾ ਲਿਆ। ਸੁਸ਼ੀਲਾ ਚੈਨ ਦੀ ਅਗਵਾਈ ਹੇਠ 104 ਔਰਤਾਂ ਦਾ ਜਥਾ ਤਿਆਰ ਕੀਤਾ ਗਿਆ। ਇਸ ਜਥੇ ਨੇ ਖੁਸ਼ਹੈਸੀਅਤ ਟੈਕਸ ਵਿਰੁੱਧ ਜਲੰਧਰ ਸ਼ਹਿਰ ਵਿੱਚ ਪ੍ਰਦਰਸ਼ਨ ਕੀਤਾ। ਪੁਲੀਸ ਨੇ ਇਨ੍ਹਾਂ ਪ੍ਰਦਰਸ਼ਨਕਾਰੀ ਔਰਤਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ। ਇਸ ਸੰਘਰਸ਼ ਵਿੱਚ ਕੈਰੋਂ ਵਿਰੁੱਧ ਲੋਕ ਨਾਅਰੇ ਵੀ ਲਾਏ ਗਏ ਜੋ ਇਸ ਪ੍ਰਕਾਰ ਸਨ:

ਪੈਸਾ ਨਹੀਂ ਬਣਦਾ ਮਿੱਟੀ ਦਾ,
ਕੈਰੋਂ ਘਰ ਘਰ ਪਿੱਟੀਦਾ।
ਕਿਸਾਨ ਮੋਰਚਾ ਗੱਜੂਗਾ,
ਕੈਰੋਂ ਗਿੱਦੜ ਭੱਜੂਗਾ।
ਭੱਜੂਗਾ ਬਈ ਭੱਜੂਗਾ,
ਕਣਕਾਂ ਵਿੱਚ ਦੀ ਭੱਜੂਗਾ,
ਛੋਲਿਆਂ ਵਿੱਚ ਦੀ ਭੱਜੂਗਾ।

ਇਸ ਮੋਰਚੇ ਦੌਰਾਨ ਪੰਜਾਬ ਦੇ ਕਿਸਾਨਾਂ ਉੱਤੇ ਪੰਜਾਬ ਪੁਲੀਸ ਨੇ ਘੋਰ ਤਸ਼ੱਦਦ ਕੀਤਾ ਸੀ। ਇਸ ਤਸ਼ੱਦਦ ਬਾਰੇ ਪੂਰੇ ਦੇਸ਼ ਵਿੱਚ ਚਰਚਾ ਹੋਈ, ਪਰ ਜਿਸ ਦਲੇਰੀ ਨਾਲ ਕਿਸਾਨਾਂ ਨੇ ਇਸ ਤਸ਼ੱਦਦ ਦਾ ਟਾਕਰਾ ਕੀਤਾ ਉਹ ਆਪਣੇ ਆਪ ਵਿੱਚ ਮਿਸਾਲ ਸੀ। ਉਸ ਸਮੇਂ ਦੇ ਭਾਰਤੀ ਕਿਸਾਨ ਯੂਨੀਅਨ ਦੇ ਸਾਰੇ ਵੱਡੇ ਨੇਤਾ ਪੰਜਾਬ ਵਿੱਚ

ਹਾਲਾਤ ਦਾ ਜਾਇਜ਼ਾ ਲੈਣ ਆਉਂਦੇ ਰਹੇ ਸਨ। ਆਲ ਇੰਡੀਆ ਕਿਸਾਨ ਸਭਾ ਦੇ ਤਤਕਾਲੀ ਪ੍ਰਧਾਨ ਏ.ਕੇ. ਗੋਪਾਲਨ ਵੀ ਪੰਜਾਬ ਆਏ ਸਨ। ਉਹ ਕਿਸਾਨਾਂ ਉੱਤੇ ਪੰਜਾਬ ਸਰਕਾਰ ਵੱਲੋਂ ਲੁਧਿਆਣਾ ਦੇ ਸ਼ੇਰਪੁਰ ਪਿੰਡ ਵਿੱਚ ਕੀਤੇ ਗਏ ਤਸ਼ੱਦਦ ਦਾ ਵਰਣਨ ਕਰਦਿਆਂ ਦੱਸਦੇ ਹਨ ਕਿ ਪਿੰਡ ਵਾਸੀ ਸਾਨੂੰ ਆਪਣੇ ਘਰਾਂ ਨੂੰ ਲੈ ਗਏ ਅਤੇ ਉਨ੍ਹਾਂ ਨੇ ਪੁਲੀਸ ਵੱਲੋਂ ਕੀਤੀ ਗਈ ਲੁੱਟ ਦਿਖਾਈ। ਪੁਲੀਸ ਕੱਪੜੇ, ਸੋਨਾ, ਚਾਂਦੀ ਅਤੇ ਹੋਰ ਕੀਮਤੀ ਸਾਮਾਨ ਲੁੱਟ ਕੇ ਲੈ ਗਈ ਸੀ। ਦਰਵਾਜ਼ੇ ਅਤੇ ਤਾਕੀਆਂ ਭੰਨ-ਭੰਨ ਕੇ ਖੋਲ੍ਹੀਆਂ ਗਈਆਂ ਸਨ। ਕੁਝ ਘਰਾਂ ਵਿੱਚ ਅਸੀਂ ਗੋਲੀਆਂ ਦੇ ਨਿਸ਼ਾਨ ਦੇਖੇ, ਜਿਹੜੀਆਂ ਉੱਥੋਂ ਦੇ ਵਸਨੀਕਾਂ ਨੂੰ ਡਰਾਉਣ ਧਮਕਾਉਣ ਲਈ ਚਲਾਈਆਂ ਗਈਆਂ ਸਨ। ਅਸੀਂ ਦੋ ਘੰਟੇ ਪਿੰਡ ਵਿੱਚ ਘੁੰਮੇ। ਜਦੋਂ ਅਸੀਂ ਪਿੰਡੋਂ ਆਉਣ ਲੱਗੇ ਤਾਂ ਔਰਤਾਂ ਨੇ ਰੋਣਾ ਸ਼ੁਰੂ ਕਰ ਦਿੱਤਾ ਅਤੇ ਕਿਹਾ, ‘‘ਜੇਕਰ ਤੁਸੀਂ ਚਲੇ ਗਏ ਤਾਂ ਪੁਲੀਸ ਸਾਨੂੰ ਮਾਰ ਦੇਵੇਗੀ। ਤੁਸੀਂ ਨਾ ਜਾਉ।’’ ਪੁਲਸ ਦੇ ਜਬਰ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ ਸੀ। (32ਵੀਂ ਸੂਬਾਈ ਕਾਨਫਰੰਸ, 5-7 ਨਵੰਬਰ 1995, ਪੰਜਾਬ ਕਿਸਾਨ ਸਭਾ)।

ਕਿਸਾਨ ਸਭਾਵਾਂ ਨੇ ਖੁਸ਼ਹੈਸੀਅਤ ਟੈਕਸ ਦੇ ਮੁੱਦੇ ’ਤੇ ਬੜਾ ਤਕੜਾ ਕਿਸਾਨੀ ਅੰਦੋਲਨ ਕੀਤਾ ਸੀ। ਕਿਸਾਨਾਂ ਵੱਲੋਂ ਇਸ ਟੈਕਸ ਦੇ ਜ਼ਬਰਦਸਤ ਵਿਰੋਧ ਅੱਗੇ ਕੈਰੋਂ ਸਰਕਾਰ ਨੂੰ ਝੁਕਣਾ ਪਿਆ ਅਤੇ ਅੰਤ ਇਹ ਟੈਕਸ ਵਾਪਸ ਲੈ ਲਿਆ ਗਿਆ। ਇਹ ਸੰਘਰਸ਼ ਕੁੱਲ ਹਿੰਦ ਕਿਸਾਨ ਸਭਾ, ਖੇਤ ਮਜ਼ਦੂਰਾਂ ਸਮੇਤ ਕਿਸਾਨੀ ਦੀ ਵਿਸ਼ਾਲ ਏਕਤਾ ਉਸਾਰਨ ਵਿੱਚ ਕਾਮਯਾਬ ਹੋਇਆ। ਉਸ ਸਮੇਂ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਬਾਬਾ ਗੁਰਮੁਖ ਸਿੰਘ ਲਲਤੋਂ ਅਤੇ ਜਨਰਲ ਸਕੱਤਰ ਜਗਜੀਤ ਸਿੰਘ ਲਾਇਲਪੁਰੀ ਸਨ।

- ਡਾ. ਬਲਵਿੰਦਰ ਸਿੰਘ

# ਸੌ ਮੀਲ ਦੌੜ

ਲੇਖਕ: ਬਲਵੰਤ ਗਾਰਗੀ

ਸਾਨੂੰ ਪਤਾ ਨਹੀਂ ਸੀ ਲੱਗਦਾ ਕਿ ਇਕ ਦਿਨ ਵਿਚ ਹੀ ਸਾਰੇ ਪਿੰਡਾਂ ਨੂੰ ਕਿਵੇਂ ਖ਼ਬਰ ਕੀਤੀ ਜਾਵੇ ਜੁ ਕੱਲ੍ਹ ਤਰਕਾਲੀਂ ਜ਼ਿਲ੍ਹਾ ਕਿਸਾਨ ਕਮੇਟੀ ਦੀ ਮੀਟਿੰਗ ਹੈ। ਨਾ ਕੋਈ ਤਾਰ, ਨਾ ਟੈਲੀਫੋਨ, ਨਾ ਕੋਈ ਮੋਟਰ ਨਾ ਲਾਰੀ। ਨੇੜੇ ਤੇੜੇ ਦੇ ਪਿੰਡਾਂ ਨੂੰ ਕੋਈ ਸੜਕ ਵੀ ਤੇ ਨਹੀਂ ਸੀ ਜਾਂਦੀ- ਬਸ ਚੁਫੇਰੀ ਰੋਹੀ, ਕੱਕਾ ਰਤਾ ਤੇ ਟਿੱਬੇ ਸਨ।

ਅਸੀਂ ਪਰੇਸ਼ਾਨ ਸਾਂ ਕਿ ਇਸ ਤੁਰਤ ਮੀਟਿੰਗ ਦੀ ਖ਼ਬਰ ਸਾਰੇ ਪਿੰਡਾਂ ਵਿਚ ਕਿਵੇਂ ਘੱਲੀ ਜਾਏ?

ਮੇਰੇ ਆਲੇ-ਸੁਆਲੇ ਸੰਘਣੀਆਂ ਖਰ੍ਹਵੀਆਂ ਦਾੜ੍ਹੀਆਂ ਵਾਲੇ ਜੱਟ ਰੰਗ-ਬਰੰਗੇ ਮੰਡਾਸੇ ਬੰਨ੍ਹੀ ਉੱਚੀ ਉੱਚੀ ਗੱਲਾਂ ਕਰੀ ਜਾਂਦੇ ਸਨ। ਵੱਖ ਵੱਖ ਰਾਵਾਂ ਦਾ ਰੌਲ਼ਾ ਸੀ।

ਅਚਾਨਕ ਇਕ ਆਵਾਜ਼ ਨੇ ਸਾਨੂੰ ਚੌਂਕਾਅ ਦਿੱਤਾ, "ਜੀ ਮੈਨੂੰ ਦਿਉ ਇਹ ਪਰਚੀਆਂ, ਮੈਂ ਫੜਾ ਆਉਣੈਂ ਮਿੰਟਾਂ 'ਚ।"

ਵੀਹਾਂ-ਬਾਈਆਂ ਸਾਲਾਂ ਦਾ ਇਕ ਮਸ-ਫੁਟਾ ਗਭਰੂ ਸਾਹਮਣੇ ਖੜ੍ਹਾ ਸੀ- ਗਲ਼ ਧੁੱਪਾਂ ਤੇ ਮੀਹਾਂ ਨਾਲ ਝੰਮਿਆ ਹੋਇਆ ਝੱਗਾ ਤੇ ਤੇੜ ਟਾਕੀਆਂ ਵਾਲਾ ਗਾਜਰ-ਰੰਗ ਕਛਹਿਰਾ।

"ਤੂੰ ਕਿਹੜੇ ਪਿੰਡ ਫੜਾ ਆਵੇਂਗਾ?" ਮੈਂ ਪੁੱਛਿਆ।

"ਜੀ ਸਾਰੇ ਪਿੰਡਾਂ ਵਿਚ ਈ ਦੇ ਆਵਾਂਗਾ।"

"ਸਾਰੇ ਪਿੰਡਾਂ 'ਚ? ਤੈਨੂੰ ਪਤਾ ਏ ਸਾਡੀ ਮੀਟਿੰਗ ਕੱਲ੍ਹ ਤਰਕਾਲੀਂ ਐ।"

"ਹਾਂ, ਮੈਨੂੰ ਪਤਾ ਐ।" ਉਸ ਆਖਿਆ। "ਰਾਤੋ ਰਾਤ ਮਾਰ ਆਊਂਗਾ ਗੇੜਾ, ਕਿਹੜਾ ਚਿਰ ਲੱਗਦੈ, ਮਸਾਂ ਦਸ-ਬਾਰਾਂ ਤਾਂ ਸਾਰੇ ਪਿੰਡ ਨੇ, ਸੱਠਾਂ ਕੋਹਾਂ ਤੋਂ ਉਤੇ ਵਾਟ ਤਾਂ ਨਹੀਂ ਹੋਣੀ।"

ਮੈਂ ਇਸ ਗਭਰੂ ਦੀ ਗੱਲ ਸੁਣ ਕੇ ਹੈਰਾਨ ਹੋਇਆ। ਇਹ ਮਸ਼ਕਰੀ ਤਾਂ ਨਹੀਂ ਕਰ ਰਿਹਾ ਮੇਰੇ ਨਾਲ?

ਮੈਂ ਉਸ ਵੱਲ ਫਿਰ ਤੱਕਿਆ। ਉਸ ਦੇ ਬੁੱਲ੍ਹ ਮੋਟੇ ਸਨ, ਸਿਆੜਾਂ ਵਰਗੇ, ਤੇ ਉਨ੍ਹਾਂ ਬੁੱਲ੍ਹਾਂ ਉਤੇ ਸੁਰਮਈ ਰੰਗ ਦੀਆਂ ਮਸਾਂ ਫੁਟ ਰਹੀਆਂ ਸਨ ਜੋ ਉਸ ਦੀ ਦਾੜ੍ਹੀ ਦੀ ਨਿੱਕੀ ਨਿੱਕੀ ਲੂੰ ਵਿਚ ਗੁਆਚ ਗਈਆਂ ਸਨ। ਘੋੜੇ ਦੀਆਂ ਅੱਖਾਂ ਵਰਗੀਆਂ ਤਿਰਛੀਆਂ ਅੱਖਾਂ, ਤੇ ਜੰਗਾਲੇ ਲੋਹੇ ਵਰਗਾ ਰੰਗ। ਪੱਟਾਂ ਉਤੇ ਮੋਰਨੀਆਂ ਖੁਣੀਆਂ ਹੋਈਆਂ। ਸੱਠਾਂ ਕੋਹਾਂ ਦੀ ਵਾਟ ਇਹ ਕੁਝ ਕੁ ਘੰਟਿਆਂ ਵਿਚ ਕਿਵੇਂ ਤੈਅ ਕਰ ਲਵੇਗਾ? ਖੌਰੇ ਇਸ ਨੂੰ ਪਤਾ ਵੀ ਹੈ ਕਿ ਨਹੀਂ ਕਿ ਇਹ ਕੀ ਆਖ ਰਿਹਾ ਹੈ?

ਇਤਨੇ ਵਿਚ ਬੁੱਢਾ ਇੰਦਰ ਸਿੰਘ ਬੋਲਿਆ, “ਇਹ ਤਾਂ ਆਪਣਾ ਬੂਟਾ ਸਿਹੁੰ ਐ। ਤੁਹਾਨੂੰ ਨਹੀਂ ਪਤਾ? ਸੌ ਮੀਲ ਦੌੜ ਲੈਂਦਾ ਐ ਇਹ ਤਾਂ।”

“ਸੌ ਮੀਲ...!”

ਹਾਂ, ਸੌ ਮੀਲ। ਦੌੜਦਾ ਕਾਹਦਾ ਏ ਬਸ ਹਵਾ ਨੂੰ ਫੱਕਦਾ ਏ।”

ਮੈਨੂੰ ਥੋੜ੍ਹਾ ਚਰਜ ਲੱਗਾ।

ਇੰਦਰ ਸਿੰਘ ਨੇ ਮੈਨੂੰ ਪੁੱਛਿਆ, “ਤੂੰ ਇਸ ਤੋਂ ਪਹਿਲਾਂ ਕਦੀ ਨਹੀਂ ਸੁਣਿਆ ਬੂਟਾ ਸਿਹੁੰ ਦਾ ਨਾਂ?”

“ਨਾ, ਕਦੇ ਨਹੀਂ।”

“ਲਓ ਬੂਟਾ ਸਿਹੁੰ ਦੀ ਇਹ ਗੱਲ ਤਾਂ ਸਾਰੇ ਮਸ਼ਹੂਰ ਐ।” ਇੰਦਰ ਸਿੰਘ ਨੇ ਆਖਣਾ ਸ਼ੁਰੂ ਕੀਤਾ, “ਇਹ ਮੇਰੇ ਪਿੰਡੋਂ ਐ, ਸੰਤੇ ਦਾ ਪੁੱਤ। ਇਸ ਦਾ ਪਿਉ ਚੰਬਾ, ਬਿਸਵੇਦਾਰ ਦੇ ਖੇਤ ਦਾ ਰਾਖਾ ਸੀ। ਬੂਟਾ ਏਸੇ ਖੇਤ ਵਿਚ ਜੰਮਿਆ। ਖੇਤ ਦੀ ਨੁੱਕਰੇ ਫੂਸ ਦੀ ਇਕ ਨਿੱਕੀ ਜਿਹੀ ਝੁੱਗੀ ਵਿਚ ਹੀ ਸਾਰਾ ਟੱਬਰ ਰਹਿੰਦਾ ਸੀ। ਚੰਬਾ ਫਸਲ ਨੂੰ ਸਹਿਆਂ ਤੇ ਜੰਗਲੀ ਜਨੌਰਾਂ ਤੋਂ ਬਚਾਉਣ ਲਈ ਰਾਤ ਨੂੰ ਖੱਤੇ ਦੀ ਰਾਖੀ ਕਰਦਾ। ਪੋਹ ਦੀ ਇਕ ਰਾਤ ਨੂੰ ਜਦ ਕੱਕਰ ਜੰਮ ਰਿਹਾ ਸੀ, ਉਸ ਨੂੰ ਠੰਢ ਲੱਗ ਗਈ ਤੇ ਤਿੰਨ ਚਾਰ ਦਿਨਾਂ ਦੇ ਤਾਪ ਚੜ੍ਹਨ

ਪਿੱਛੋਂ ਉਹ ਮਰ ਗਿਆ...। ਇਸ ਪਿੱਛੋਂ ਸੰਤੋ ਆਪਣੇ ਪੁੱਤ ਨਾਲ ਖੇਤ ਵਿਚ ਹੀ ਰਹੀ। ਉਸ ਓਡਾਂ ਤੋਂ ਇਕ ਨਿੱਕਾ ਜਿਹਾ ਕਤੂਰਾ ਲੈ ਕੇ ਪਾਲ ਲਿਆ। ਥੋੜ੍ਹੇ ਦਿਨਾਂ ਵਿਚ ਹੀ ਇਹ ਕਤੂਰਾ ਵੱਡੇ ਮੂੰਹ ਵਾਲਾ ਤਕੜਾ ਡੱਬੂ ਕੁੱਤਾ ਨਿਕਲ ਆਇਆ। ਬੂਟਾ ਡੱਬੂ ਨਾਲ ਖੇਡ-ਖੇਡ ਕੇ ਹੀ ਵੱਡਾ ਹੋਇਆ। ਉਹ ਡੱਬੂ ਦੀ ਪੂਛ ਮਰੋੜਦਾ, ਡੱਬੂ ਲੇਟਣੀ ਖਾਂਦਾ ਹੋਇਆ ਚਿਆਊਂ-ਚਿਆਊਂ ਕਰਦਾ ਮਸਤੀ ਵਿਚ ਆ ਕੇ ਛਾਲਾਂ ਮਾਰਦਾ, ਘਚਾਉਣੀਆਂ ਦੇਂਦਾ, ਭੌਂਕਦਾ ਤੇ ਬੂਟੇ ਨਾਲ ਵੱਡੇ ਭਰਾ ਵਾਂਗ ਖੇਡਦਾ। ਦੂਰੋਂ ਗਿੱਦੜਾਂ ਨੂੰ ਦੇਖ ਕੇ ਡੱਬੂ ਦੌੜਦਾ ਤੇ ਮਗਰੇ ਬੂਟਾ। ਕੁਝ ਚਿਰ ਪਿੱਛੋਂ ਬੂਟੇ ਨੂੰ ਇਤਨੀ ਤੱਕ ਹੋ ਗਈ ਕਿ ਉਹ ਸਹੇ ਮਗਰ ਦੌੜ ਕੇ ਉਸ ਨੂੰ ਝਾੜੀਆਂ ਤੇ ਮਲ੍ਹਿਆਂ ਵਿਚੋਂ ਕੱਢ ਲੈਂਦਾ, ਉਸ ਨੂੰ ਘੇਰ ਲੈਂਦਾ, ਛੱਡ ਦੇਂਦਾ ਤੇ ਫਿਰ ਫੜ ਲੈਂਦਾ। ਉਸ ਦੀ ਬਾਲ ਅਵਸਥਾ ਸਹਿਆਂ, ਗਿੱਦੜਾਂ ਤੇ ਜੰਗਲੀ ਜਨੌਰਾਂ ਮਗਰ ਨੱਸ-ਨੱਸ ਕੇ ਲੰਘੀ। ਉਹ ਬਿਸਵੇਦਾਰ ਦੇ ਵਛੇਰਿਆਂ ਤੇ ਬਤਾਰੂਆਂ ਮਗਰ ਦੌੜਦਾ ਤੇ ਉਨ੍ਹਾਂ ਤੋਂ ਵੀ ਅੱਗੇ ਨਿਕਲ ਜਾਂਦਾ। ਘੋੜਿਆਂ ਤੇ ਊਠਾਂ ਮਗਰ ਦੌੜਦਾ-ਦੌੜਦਾ ਬੂਟਾ ਜੁਆਨ ਹੋਇਆ। ਸਹਾ ਵੱਧ ਤੋਂ ਵੱਧ ਚਾਰ ਕੋਹ ਦੌੜ ਸਕਦਾ ਐ, ਗਿੱਦੜ ਅੱਠ ਕੋਹ, ਘੋੜਾ ਚਾਲੀ ਕੋਹ ਤੇ ਤਿੱਖੀ ਤੋਂ ਤਿੱਖੀ ਊਠਣੀ ਪੰਜਾਹ ਕੋਹ ਤੋਂ ਵੱਧ ਨਹੀਂ ਟੱਪਦੀ। ਪਰ ਬੂਟਾ ਸੌ ਮੀਲ ਦੌੜ ਸਕਦਾ ਐ, ਇਕੋ ਸਾਹ।”

“ਕਿੰਨੇ ਚਿਰ ਵਿਚ?”

“ਬਸ ਬਾਰਾਂ ਘੰਟਿਆਂ ‘ਚ।” ਉਸ ਆਖਿਆ, “ਊਠ ਤੇ ਘੋੜਾ ਇਸ ਤੋਂ ਤਿੱਖੇ ਭਾਵੇਂ ਦੌੜ ਲੈਣ, ਪਰ ਬੂਟੇ ਵਾਂਗ ਇਕੋ ਸਾਹ ਸੌ ਮੀਲ ਨਹੀਂ ਦੌੜ ਸਕਦੇ।”

ਮੈਂ ਬੂਟੇ ਵੱਲ ਗਹੁ ਨਾਲ ਤੱਕਿਆ। ਇਸ ਅਜੀਬ ਇਨਸਾਨ ਵੱਲ, ਜਿਸ ਦੀਆਂ ਅੱਖਾਂ ਘੋੜੇ ਵਰਗੀਆਂ ਸਨ ਤੇ ਮੂੰਹ ਉਤੇ ਜਨੌਰਾਂ ਵਰਗੀ ਅੱਲ੍ਹੜ ਖੁਸ਼ੀ ਦਾ ਡੌਲਾ ਸੀ। ਉਸ ਦੇ ਸਿਆੜਾਂ ਵਰਗੇ ਬੁੱਲ੍ਹ ਲਿਸ਼ਕ ਰਹੇ ਸਨ। ਉਸ ਦੇ ਪੱਟਾਂ ਦੀਆਂ ਮੱਛੀਆਂ ਤੇ ਪਿੰਜਣੀਆਂ ਵਿਚਕਾਰ ਉਸ ਦੇ ਢਾਲ ਵਰਗੇ ਗੋਡੇ ਜੜੇ ਹੋਏ ਸਨ। ਉਸ ਦੇ ਢਾਲ ਵਰਗੇ ਇਹ ਗੋਡੇ ਮੈਨੂੰ ਬੜੇ ਅਜੀਬ-ਅਜੀਬ ਲੱਗੇ।

ਇੰਦਰ ਸਿੰਘ ਨੇ ਮੈਨੂੰ ਸੋਚੀਂ ਪਏ ਨੂੰ ਤੱਕ ਕੇ ਆਖਿਆ, “ਜੇ ਤੁਹਾਨੂੰ ਮੇਰੀ ਗੱਲ ‘ਤੇ ਇਤਬਾਰ ਨਹੀਂ ਤਾਂ ਭਾਵੇਂ ਪਰਤਿਆ ਲਉ। ਤੁਸੀਂ ਇਹ ਸਾਰੀਆਂ ਪਰਚੀਆਂ ਏਸ ਨੂੰ ਫੜਾਓ, ਕੱਲ੍ਹ ਤੀਕ ਸਾਰੇ ਪਿੰਡਾਂ ਵਿਚ ਵੰਡ ਆਊ।”

ਉਸ ਸਾਰੀਆਂ ਚਿੱਠੀਆਂ ਬੂਟੇ ਨੂੰ ਫੜਾਈਆਂ ਤੇ ਸਾਰੇ ਪਿੰਡਾਂ ਦੇ ਨਾਂ-ਪਤੇ ਤੇ ਥਹੁ-ਟਿਕਾਣੇ ਦੱਸ ਕੇ ਉਸ ਨੂੰ ਆਖਿਆ, “ਬੂਟਿਆ, ਇਹ ਪਰਚੀਆਂ ਸਾਰੇ ਪਿੰਡੀਂ ਵੰਡ ਆਵੀਂ। ਜਾ ਮੇਰਾ ਬੱਗਾ ਸ਼ੇਰ, ਖੁਰੀ ਕਰ ਜਾ।”

ਦੂਜੇ ਦਿਨ ਬਾਰਾਂ ਦੇ ਬਾਰਾਂ ਪਿੰਡਾਂ ਦੇ ਸਕੱਤਰ ਤਰਕਾਲੀਂ ਐਨ ਵੇਲੇ ਸਿਰ ਮੀਟਿੰਗ ਲਈ ਪੁੱਜ ਗਏ। ਮੈਂ ਸਭਨਾਂ ਨੂੰ ਵਾਰੀ-ਵਾਰੀ ਪੁੱਛਿਆ, “ਤੁਹਾਡੇ ਕੋਲ ਸੱਦਾ ਲੈ ਕੇ ਕੌਣ ਗਿਆ ਸੀ?”

ਸਭਨਾਂ ਨੇ ਇਕੋ ਉੱਤਰ ਦਿੱਤਾ, “ਬੂੂਟਾ ਸਿਹੁੰ।”

ਮੀਟਿੰਗ ਪਿੱਛੋਂ ਮੈਂ ਬੂਟੇ ਨੂੰ ਮਿਲਿਆ। ਲਾਲ ਚੰਦ ਵਕੀਲ ਜਿਸ ਨੇ ਮੁਜਾਰਿਆਂ ਦੇ ਕਈ ਮੁਕੱਦਮੇ ਬਗੈਰ ਫੀਸ ਲੜੇ ਸਨ, ਹੈਡ ਮਾਸਟਰ ਨੱਥੂ ਰਾਮ ਜੋ ਆਪਣੇ ਜ਼ਮਾਨੇ ਵਿਚ ਕ੍ਰਿਕਟ ਦਾ ਬਹੁਤ ਚੰਗਾ ਖਿਲਾੜੀ ਸੀ, ਅਜਮੇਰ ਸਿੰਘ ਰੀਟਾਇਰਡ ਜੱਜ ਤੇ ਕਸਬੇ ਦੇ ਦੋ ਤਿੰਨ ਹੋਰ ਮੋਹਤਬਰ ਆਦਮੀ ਇਕੱਠੇ ਹੋ ਗਏ ਤੇ ਬੂਟਾ ਸਿਹੁੰ ਨਾਲ ਗੱਲਾਂ ਕਰਨ ਲੱਗੇ। ਅਸੀਂ ਉਸ ਦੀ ਫੁਰਤੀ ਤੇ ਸ਼ਕਤੀ ਉਤੇ ਹੈਰਾਨ ਖੜ੍ਹੇ ਸਾਂ ਤੇ ਸਾਨੂੰ ਇਸ ਗੱਲ ਦਾ ਦੁੱਖ ਹੋ ਰਿਹਾ ਸੀ ਕਿ ਇਤਨੇ ਅਚੰਭੇ ਭਰੇ ਤੇ ਵਚਿੱਤਰ ਦੌੜਨ ਵਾਲੇ ਨੂੰ ਉਸ ਦੇ ਪਿੰਡ ਤੋਂ ਬਾਹਰ ਕੋਈ ਨਹੀਂ ਸੀ ਜਾਣਦਾ।

ਬੁੱਢੇ ਹੈਡਮਾਸਟਰ ਨੇ ਹੌਕਾ ਭਰ ਕੇ ਆਖਿਆ, “ਦੁਨੀਆਂ ਵਿਚ ਸਭ ਤੋਂ ਲੰਬੀ ਦੌੜ ਅੱਜਕੱਲ੍ਹ ਵੱਧ ਤੋਂ ਵੱਧ ਪੱਚੀ ਮੀਲ ਹੈ ਤੇ ਏਥੇ ਸਾਡੇ ਕੋਲ ਬੂਟਾ ਸਿੰਘ ਖੜ੍ਹਾ ਹੈ, ਜੋ ਸੌ ਮੀਲ ਦੌੜ ਲੈਂਦਾ ਹੈ।”

ਜੱਜ ਨੇ ਆਖਿਆ, “ਜੇ ਬੂਟੇ ਨੂੰ ਕਦੇ ਲੰਡਨ ਜਾਣ ਦਾ ਮੌਕਾ ਮਿਲੇ ਤਾਂ ਇਸ ਦਾ ਨਿੱਕਾ ਜਿਹਾ ਪਿੰਡ ਦੁਨੀਆਂ ਦੇ ਨਕਸ਼ੇ ਉਤੇ ਲਿਸ਼ਕਣ ਲੱਗ ਪਏ।”

ਲਾਲ ਚੰਦ ਵਕੀਲ ਨੇ ਆਖਿਆ, "ਸਾਡੇ ਦੇਸ ਵਿਚ ਬੜੇ-ਬੜੇ ਤਾਰੂ, ਦੌੜਾਂ ਵਾਲੇ, ਘੁਲਣ ਵਾਲੇ ਤੇ ਸ਼ਿਕਾਰ ਖੇਡਣ ਵਾਲੇ ਬਹਾਦਰ ਪਏ ਹਨ, ਪਰ ਸੱਭੇ ਅਣਪੜ੍ਹ ਤੇ ਗਰੀਬ ਹੋਣ ਕਰਕੇ ਏਥੇ ਹੀ ਰਹਿ ਜਾਂਦੇ ਹਨ।"

ਜੱਜ ਨੇ ਸੋਚ ਕੇ ਆਖਿਆ, "ਜੇ ਬੂਟਾ ਸੌ ਮੀਲ ਦੌੜ ਸਕਦਾ ਹੈ ਤਾਂ ਦੁਨੀਆ ਭਰ ਦੀ ਸ਼ੋਹਰਤ ਹਾਸਲ ਕਰਨ ਤੋਂ ਇਸ ਨੂੰ ਕੋਈ ਤਾਕਤ ਰੋਕ ਨਹੀਂ ਸਕਦੀ।"

ਇਕ ਬੁੱਢੇ ਹਵਾਲਦਾਰ ਨੇ ਆਖਿਆ, "ਮਹਾਰਾਜਾ ਪਟਿਆਲਾ ਕ੍ਰਿਕਟ ਤੇ ਖੇਡਾਂ ਦੇ ਬਹੁਤ ਸ਼ੁਕੀਨ ਹਨ। ਉਨ੍ਹਾਂ ਦੀ ਫੌਜ ਵਿਚ ਮਮੂਲੀ-ਮਮੂਲੀ ਆਦਮੀ ਜੋ ਰਤਾ ਚੰਗੇ ਖਿਡਾਰੀ ਸਨ, ਹੁਣ ਕਪਤਾਨ ਤੇ ਮੇਜਰ ਬਣੇ ਬੈਠੇ ਹਨ। ਜੇ ਅਸੀਂ ਕਿਸੇ ਤਰ੍ਹਾਂ ਬੂਟਾ ਸਿਹੁੰ ਦੀ ਗੱਲ ਉਨ੍ਹਾਂ ਦੇ ਕੰਨੀਂ ਪਹੁੰਚਾ ਦੇਈਏ ਤਾਂ ਉਹ ਜ਼ਰੂਰੀ ਬੂਟਾ ਸਿਹੁੰ ਨੂੰ ਵਲੈਤ ਘੱਲ ਦੇਣ।"

ਇਕ ਚਲਾਕ ਅਰਜ਼ੀ-ਨਵੀਸ ਬੋਲਿਆ, "ਕਿਸੇ ਵੇਖਿਆ ਵੀ ਐ ਬੂਟੇ ਨੂੰ ਸੌ ਮੀਲ ਦੌੜਦਿਆਂ ਕਿ ਸਭੇ ਸੁਣੀ-ਸੁਣਾਈ ਉਤੇ ਸਲਾਹਾਂ ਪਕਾਈ ਜਾਂਦੇ ਹੋ।"

ਇਕ ਗੰਜੇ ਬਾਣੀਏ ਨੇ ਬੂਟੇ ਵੱਲ ਗਹੁ ਨਾਲ ਵੇਖਿਆ ਤੇ ਸਿਰ ਹਿਲਾ ਕੇ ਆਖਿਆ, "ਜੱਟਾਂ ਨੂੰ ਥਾਂ ਤੇ ਵਿੱਥ ਦਾ ਹਿਸਾਬ ਰਤਾ ਘੱਟ ਹੀ ਆਉਂਦਾ ਹੈ। ਜੇ ਇਹ ਪੱਚੀ-ਤੀਹ ਮੀਲ ਦੌੜ ਲਵੇ ਤਾਂ ਜੱਟਾਂ ਨੇ ਤਾਂ ਏਸੇ ਨੂੰ ਸੌ ਕੋਹ ਦੱਸਣਾ ਏ।"

ਹੈਡਮਾਸਟਰ ਨੇ ਸਿਆਣਪ ਨਾਲ ਸਲਾਹ ਦਿੱਤੀ, "ਜੇ ਤੁਸੀਂ ਇਸੇ ਦੁਬਿਧਾ ਵਿਚ ਪਏ ਹੋ ਤਾਂ ਕਿਉਂ ਨਾ ਪਹਿਲਾਂ ਏਥੇ ਈ ਏਸ ਦੀ ਦੌੜ ਕਰਾ ਦੇਈਏ? ਏਸ ਨਾਲ ਸ਼ੈਤ ਕੁਝ ਰੁਪਈਆ ਵੀ ਇਕੱਠਾ ਹੋ ਜਾਏ। ਵੱਡੀ ਚਰਾਂਦ ਦਾ ਘੇਰਾ ਪੂਰੇ ਚਾਰ ਸੌ ਚਾਲੀ ਗਜ਼ ਹੈ। ਜੇ ਬੂਟਾ ਸਿਹੁੰ ਇਸ ਦੇ ਚਾਰ ਸੌ ਚੱਕਰ ਕੱਢ ਲਵੇ ਤਾਂ ਸੌ ਮੀਲ ਹੋ ਜਾਵੇਗਾ। ਨਾਲੇ ਅਸੀਂ ਸਾਰੇ ਤੱਕ ਵੀ ਸਕਾਂਗੇ। ਇਸ ਪਿੱਛੋਂ ਫਿਰ ਉਸ ਦੀ ਅੱਗੇ ਤਰੱਕੀ ਬਾਰੇ ਵੀ ਸੋਚ ਸਕਦੇ ਹਾਂ।"

ਇਹ ਰਾਏ ਸਭਨਾਂ ਨੂੰ ਪਸੰਦ ਆਈ।

ਮੈਂ ਬੂਟੇ ਨੂੰ ਵੱਡੀ ਚਰਾਂਦ ਵਿਚ ਦੌੜਨ ਬਾਰੇ ਪੁੱਛਿਆ। ਉਸ ਆਪਣੀਆਂ ਅੱਖਾਂ ਝਪਕੀਆਂ ਤੇ ਸਿਰਫ਼ ਇਹੋ ਕਿਹਾ, "ਜਿਵੇਂ ਆਖੋ।"

ਮਾੜੂ ਨੇ ਸਾਰੇ ਪਿੰਡ ਵਿਚ ਡੌਂਡੀ ਪਿੱਟੀ ਤੇ ਆਖਿਆ, "ਐਤਵਾਰ ਨੂੰ ਸਵੇਰੇ ਸੱਤ ਵਜੇ ਬੂਟਾ ਸਿਹੁੰ ਦੀ ਸੌ ਮੀਲ ਦੌੜ ਹੋਵੇਗੀ। ਪਿੰਡ ਦੇ ਸਾਰੇ ਲੋਕ ਵੱਡੀ ਚਰਾਂਦ ਵਿਚ ਇਹ ਦੌੜ ਵੇਖਣ ਲਈ ਆਉਣ-ਡਮ! ਡਮ! ਡਮ!

ਐਤਵਾਰ ਨੂੰ ਤੜਕੇ ਹੀ ਵੱਡੀ ਚਰਾਂਦ ਵਿਚ ਬੂਟਾ ਸਿਹੁੰ ਦੀ ਦੌੜ ਵੇਖਣ ਲਈ ਤਹਿਸੀਲ ਦੇ ਚਪੜਾਸੀ ਨੇ ਕਲੀ ਧੂੜ ਕੇ ਦੌੜਨ ਵਾਲੀ ਥਾਂ ਨਿਸ਼ਾਨ ਲਾ ਦਿੱਤੇ। ਚੂੰਗੀ ਦਾ ਦਾਰੋਗ਼ਾ ਇਕ ਪਾਸੇ ਬੂਟਾ ਸਿਹੁੰ ਦੇ ਚੱਕਰ ਗਿਣਨ ਉਤੇ ਬੈਠਾ ਸੀ। ਬੂਟੇ ਦੇ ਤੇੜ ਕਛਹਿਰਾ ਤੇ ਘਸਮੈਲੇ ਰੰਗ ਦਾ ਝੱਗਾ ਸੀ। ਸਿਰ ਉਤੇ ਲੰਬੇ ਕਾਲੇ ਵਾਲਾਂ ਦਾ ਜੂੜਾ ਕਰ ਕੇ ਇਸ ਦੁਆਲੇ ਉਸ ਨੇ ਕੇਸਰੀ ਰੁਮਾਲ ਬੰਨ੍ਹਿਆ ਹੋਇਆ ਸੀ।

ਸੱਤ ਵਜੇ ਹੈਡਮਾਸਟਰ ਨੱਥੂ ਰਾਮ ਨੇ, ਜੋ ਰੈਫਰੀ ਬਣਿਆ ਖੜ੍ਹਾ ਸੀ, ਸੀਟੀ ਵਜਾਈ ਤੇ ਬੂਟੇ ਨੇ ਦੌੜਨਾ ਸ਼ੁਰੂ ਕੀਤਾ।

ਲੋਕ ਅੱਠ ਵਜੇ ਤਕ ਆਉਂਦੇ ਰਹੇ। ਨੱਥੂ ਰਾਮ ਹੈਡਮਾਸਟਰ ਬੈਠਾ ਬੂਟੇ ਨੂੰ ਦੌੜਦਾ ਤੱਕਦਾ ਰਿਹਾ। ਬੂਟਾ ਇਕੋ ਸਾਹ ਇਕੋ ਰਫ਼ਤਾਰ ਨਾਲ ਮੂੰਹ ਮੀਚੀ ਮਸ਼ੀਨ ਵਾਂਗ ਚਰਾਂਦ ਦੇ ਆਲੇ-ਦੁਆਲੇ ਦੌੜ ਰਿਹਾ ਸੀ। ਤੀਵੀਆਂ ਘੱਗਰੀਆਂ ਫੜਕਾਉਂਦੀਆਂ ਹੋਈਆਂ ਆਈਆਂ ਤੇ ਚਰਾਂਦ ਦੀ ਵੱਟ ਉਤੇ ਬੈਠ ਗਈਆਂ। ਉਹ ਸੰਗ-ਸਿਆਪੇ, ਵਿਆਹ-ਸ਼ਾਦੀਆਂ ਤੇ ਸਾਕ-ਸਕੀਰੀਆਂ ਦੀਆਂ ਚੁਗ਼ਲੀਆਂ ਵੀ ਕਰਦੀਆਂ ਰਹੀਆਂ ਤੇ ਬੂਟਾ ਸਿੰਘ ਨੂੰ ਲਾਟੂ ਵਾਂਗ ਘੁੰਮਦਾ ਵੀ ਤੱਕਦੀਆਂ ਰਹੀਆਂ।

ਦੁਪਹਿਰੇ ਬੂਟੇ ਨੇ ਅੱਧੇ ਘੰਟੇ ਲਈ ਸਾਹ ਲੀਤਾ। ਉਸ ਨੇ ਸੇਰ ਪੱਕਾ ਦੁੱਧ ਪੀਤਾ, ਆਪਣਾ ਝੱਗਾ ਤੇ ਕਛਹਿਰਾ ਜੋ ਮੁੜ੍ਹਕੇ ਨਾਲ ਭਿੱਜ ਕੇ ਉਸ ਦੇ ਸਰੀਰ ਨਾਲ ਚੰਬੜ ਗਏ ਸਨ, ਬਦਲੇ, ਵਾਲਾਂ ਨੂੰ ਕੰਘਾ ਕਰ ਕੇ ਮੁੜ ਜੂੜਾ ਕੀਤਾ ਤੇ ਰੁਮਾਲ ਬੰਨ੍ਹ ਕੇ ਫਿਰ ਦੌੜਨ ਲੱਗਾ।

ਤਰਕਾਲਾਂ ਤੀਕ ਉਹ ਏਸੇ ਤਰ੍ਹਾਂ ਦੌੜਦਾ ਰਿਹਾ। ਸਾਢੇ ਛੇ ਵਜੇ ਨੀਯਤ ਵੇਲੇ ਤੋਂ ਅੱਧਾ ਘੰਟਾ ਪਹਿਲਾਂ ਹੀ, ਉਸ ਚਰਾਂਦ ਦੇ ਚਾਰ ਸੌ ਗੇੜੇ ਪੂਰੇ ਕਰ ਦਿੱਤੇ। ਉਸ ਵੇਲੇ ਸੂਰਜ

ਡੁੱਬ ਰਿਹਾ ਸੀ। ਸੂਰਜ ਦੀ ਨਿਘਰਦੀ ਲਾਲੀ ਵਿਚ ਬੂਟੇ ਦੇ ਖਿਲਰੇ ਵਾਲਾਂ ਦੀਆਂ ਜਟੂਰੀਆਂ ਸੂਹੇ ਖੰਭਾਂ ਵਾਂਗ ਜਾਪਦੀਆਂ ਸਨ। ਉਸ ਦੀ ਛਾਤੀ ਧੌਂਕਣੀ ਵਾਂਗ ਚੱਲ ਰਹੀ ਸੀ ਤੇ ਉਸ ਦੇ ਕੈਂਹ ਵਰਗੇ ਸਰੀਰ ਉਤੇ ਮੁੜ੍ਹਕੇ ਦੀਆਂ ਤਤੀਹਰੀਆਂ ਵਗ ਰਹੀਆਂ ਸਨ।

ਜਦ ਉਸ ਦੌੜ ਖ਼ਤਮ ਕੀਤੀ ਤਾਂ ਲੋਕਾਂ ਨੇ ਨਾਅਰਿਆਂ ਨਾਲ ਉਸ ਦਾ ਸਵਾਗਤ ਕੀਤਾ ਤੇ ਉਸ ਨੂੰ ਮੋਢਿਆਂ ਉਤੇ ਚੁੱਕ ਕੇ ਸਾਰੇ ਪਿੰਡ ਵਿਚ ਉਸ ਦਾ ਜਲੂਸ ਕੱਢਿਆ। ਬੂਟੇ ਨੇ ਸਭ ਲੋਕਾਂ ਅੱਗੇ ਮੱਥਾ ਨਿਵਾ ਕੇ ਆਖਿਆ, "ਇਹ ਸਭ ਵਾਹਿਗੁਰੂ ਦੀ ਕਿਰਪਾ ਐ। ਉਸੇ ਦੀ ਮਿਹਰ ਮੇਰੀਆਂ ਹੱਡੀਆਂ ਵਿਚ ਦੌੜਦੀ ਐ। ਏਸੇ ਕਰਕੇ ਮੈਂ ਸੌ ਮੀਲ ਦੌੜ ਸਕਿਐਂ। ਜੇ ਕਿਤੇ ਇਕ ਵਾਰੀ ਮੈਨੂੰ ਕੋਈ ਲੰਡਨ ਭੇਜ ਦੇਵੇ ਤਾਂ ਦੌੜ ਵਾਲੀ ਤਾਂ 'ਕੇਰਾਂ ਠਿੱਪੀ ਲਾ ਆਵਾਂ।"

ਅਸੀਂ ਬੂਟੇ ਦੀ ਖ਼ਬਰ ਉਰਦੂ ਤੇ ਪੰਜਾਬੀ ਦੇ ਅਖ਼ਬਾਰਾਂ ਵਿਚ ਘੱਲ ਦਿੱਤੀ ਤੇ ਮਹਾਰਾਜੇ ਪਟਿਆਲੇ ਨਾਲ ਉਸ ਦੀ ਮੁਲਕਾਤ ਕਰਾਉਣ ਦੇ ਹੀਲੇ ਸੋਚਣ ਲੱਗੇ।

ਤੀਜੇ ਦਿਨ ਪਿੰਡੋਂ ਬੂਟੇ ਦੀ ਮਾਂ ਆ ਗਈ। ਉਹ ਸੱਠਾਂ ਵਰ੍ਹਿਆਂ ਦੀ ਤਗੜੀ ਚੌੜੀ ਚੱਘੀ ਜੱਟੀ ਸੀ। ਉਸ ਦੇ ਬੁੱਲ੍ਹ ਬੂਟੇ ਦੇ ਬੁੱਲ੍ਹਾਂ ਵਰਗੇ ਰਤਾ ਮੋਟੇ ਸਨ ਤੇ ਅੱਖਾਂ ਅੱਗੇ ਗਿਜ-ਗਿਜ ਕਰਦੀ ਇਕ ਝਿੱਲੀ ਜਿਹੀ ਹਿੱਲ ਰਹੀ ਸੀ। ਉਹ ਬੂਟੇ ਨੂੰ ਲੈਣ ਆਈ ਸੀ। ਅਸੀਂ ਉਸ ਨੂੰ ਇਸ ਗੱਲ ਦਾ ਬੜਾ ਯਕੀਨ ਦਿਵਾਇਆ ਕਿ ਉਹ ਬੜੀ ਭਾਗਾਂ ਵਾਲੀ ਹੈ ਤੇ ਬੂਟਾ ਛੇਤੀ ਹੀ ਸਾਰੀ ਦੁਨੀਆਂ ਵਿਚ ਮਸ਼ਹੂਰ ਹੋ ਜਾਵੇਗਾ। ਪਰ ਉਸ ਨੂੰ ਸਾਡੀਆਂ ਗੱਲਾਂ ਉਤੇ ਯਕੀਨ ਨਾ ਆਇਆ। ਉਸ ਆਖਿਆ, "ਮੈਂ ਹੁਣ ਬੁੱਢੇ ਵਾਰੇ ਖੇਤ ਦੀ ਰਾਖੀ ਕਿਵੇਂ ਕਰਾਂ, ਗਿੱਦੜਾਂ ਤੇ ਸਹਿਆਂ ਨੂੰ ਮੈਥੋਂ ਨਹੀਂ ਹਟਾ ਹੁੰਦਾ। ਡੱਬੂ, ਚਿਰ ਹੋਇਆ, ਮਰ ਗਿਆ। ਬਸ ਮੇਰੇ ਕੋਲ ਮੇਰੇ ਪੁੱਤ ਬਾਝੋਂ ਹੋਰ ਕੋਈ ਨਹੀਂ। ਮੈਂ ਬੂਟੇ ਬਿਨਾਂ ਨਹੀਂ ਰਹਿ ਸਕਦੀ। ਮੈਂ ਜ਼ਰੂਰ ਉਸ ਨੂੰ ਆਪਣੇ ਨਾਲ ਲੈ ਕੇ ਜਾਊਂਗੀ।"

ਅਸੀਂ ਉਸ ਨੂੰ ਆਖਿਆ, "ਬੇਬੇ, ਧੰਨ ਭਾਗ ਤੇਰੀ ਕੁੱਖ ਦੇ ਜਿਸ ਬੂਟੇ ਜਿਹਾ ਪੁੱਤ ਜੰਮਿਆ। ਬੂਟਾ ਤਾਂ ਦੁਨੀਆ ਵਿਚ ਤੇਰੇ ਨਾਂ ਦੀ ਧੁੰਮ ਪਾ ਦੇਵੇਗਾ। ਤੂੰ ਉਸ ਨੂੰ ਪਿੰਡ ਵਿਚ ਇਕ ਝੁੱਗੀ ਵਿਚ ਲੁਕੋਈ ਬੈਠੀ ਏਂ। ਉਸ ਦੀ ਥਾਂ ਪਿੰਡ ਵਿਚ ਨਹੀਂ, ਸਗੋਂ ਸ਼ਹਿਰ ਹੈ। ਦੁਨੀਆ ਨੂੰ ਛੇਕੜ ਉਸ ਦਾ ਪਤਾ ਲੱਗਣਾ ਚਾਹੀਦਾ ਹੈ। ਤੇਰੀ ਕੁੱਛੜ ਬੈਠਾ ਰਿਹਾ ਤਾਂ

ਕਿਸੇ ਨੂੰ ਕੀ ਪਤਾ ਲੱਗੇਗਾ ਕਿ ਇਤਨਾ ਸੂਰਬੀਰ ਤੇ ਬਹਾਦਰ ਦੌੜਨ ਵਾਲਾ ਐ ਤੇਰਾ ਪੁੱਤ। ਤੂੰ ਐਵੇਂ ਰੱਟਾ ਪਾ ਕੇ ਉਸ ਨੂੰ ਨਾਲ ਨਾ ਲੈ ਜਾਵੀਂ। ਐਵੇਂ ਮੂਰਖਪੁਣਾ ਨਾ ਕਰ। ਬੂਟੇ ਨੂੰ ਸਾਡੇ ਕੋਲ ਛੱਡ ਜਾ।"

ਉਸ ਨੇ ਸਾਡੀਆਂ ਗੱਲਾਂ ਸੁਣੀਆਂ ਅਨਸੁਣੀਆਂ ਕਰ ਕੇ ਆਖਿਆ, "ਮੈਂ ਆਪਣੇ ਪੁੱਤ ਬਾਝੋਂ ਨਹੀਂ ਰਹਿ ਸਕਦੀ। ਮੈਨੂੰ ਨਹੀਂ ਲੋੜ ਹੋਰ ਚੀਜ਼ਾਂ ਦੀ। ਸੁੱਖ ਨਾਲ ਮੇਰਾ ਬੱਗਾ ਸ਼ੇਰ ਜਿਉਂਦਾ ਰਹੇ। ਮੈਂ ਤਾਂ ਇਸ ਨੂੰ ਆਪਣੇ ਨਾਲ ਈ ਲੈ ਕੇ ਜਾਊਂਗੀ।"

ਪਰ ਜਦੋਂ ਜੱਜ ਨੇ ਉਸ ਨੂੰ ਸਮਝਾਇਆ ਕਿ ਮਹਾਰਾਜਾ ਪਟਿਆਲਾ ਨਾਲ ਬੂਟੇ ਦੀ ਮੁਲਾਕਾਤ ਦਾ ਪ੍ਰਬੰਧ ਹੋ ਰਿਹਾ ਹੈ ਤੇ ਬੂਟਾ ਸੱਚ-ਮੁੱਚ ਹੀ ਦੁਨੀਆ ਵਿਚ ਨਾਂ ਖੱਟੇਗਾ ਤਾਂ ਬੁੱਢੀ ਬੂਟੇ ਨੂੰ ਪਿੱਛੇ ਛੱਡ ਜਾਣ ਉਤੇ ਰਾਜ਼ੀ ਹੋ ਗਈ।

ਬੂਟੇ ਨੇ ਆਖਿਆ, "ਬੇਬੇ, ਤੂੰ ਸੰਸਾ ਨਾ ਲਾ। ਛੇਤੀ ਈ ਮੈਂ ਸਮੁੰਦਰ ਪਾਰ ਜਾਊਂਗਾ ਤੇ ਲੰਡਨ 'ਚ ਜਾ ਕੇ ਸੌ ਮੀਲ ਦੌੜੂੰਗਾ, ਫਿਰ ਸਾਰੀ ਦੁਨੀਆ ਤੇਰੇ ਪੁੱਤ ਨੂੰ ਮੰਨੇਗੀ। ਫਿਰ ਆਪਣੇ ਕੋਲ ਰੁਪਈਏ ਹੀ ਰੁਪਈਏ ਹੋ ਜਾਣਗੇ। ਤੂੰ ਫਿਕਰ ਨਾ ਕਰ, ਤੇਰੇ ਵਾਲੇ ਸਾਰੇ ਦੁੱਖ ਤੋੜ ਦਿਊਂਗਾ। ਇਕ ਵਾਰੀ ਤੂੰ ਮੈਨੂੰ ਲੰਡਨ ਜਾ ਲੈਣ ਦੇ।"

ਦੂਜੇ ਦਿਨ ਉਹ ਆਪਣੇ ਪੁੱਤ ਨੂੰ ਛੱਡ ਕੇ ਪਿੰਡ ਚਲੀ ਗਈ।

ਅਸੀਂ ਬੂਟੇ ਲਈ ਥੋੜ੍ਹੇ ਜੇਹੇ ਪੈਸੇ 'ਕੱਠੇ ਕੀਤੇ ਤਾਂ ਜੋ ਉਹ ਕੁਝ ਦਿਨ ਸਾਡੇ ਕੋਲ ਰਹਿ ਕੇ ਪਟਿਆਲੇ ਜਾਣ-ਆਉਣ ਦਾ ਪ੍ਰਬੰਧ ਕਰ ਸਕੇ। ਉਹ ਕੁਝ ਦਿਨ ਜੱਜ ਦੇ ਘਰ ਰਿਹਾ। ਜੱਜ ਦਾ ਬੰਗਲਾ ਆਬਾਦੀ ਤੋਂ ਬਾਹਰ ਬਾਜਰੇ ਦੇ ਖੇਤਾਂ ਦੀ ਜੂਹ ਨਾਲ ਲੱਗਦਾ ਸੀ। ਜੱਜ ਤੇ ਉਸ ਦੇ ਮਿੱਤਰ ਦੁਪਹਿਰਾਂ ਪਿੱਛੋਂ ਅੰਦਰ ਕਮਰੇ ਵਿਚ ਬੈਠ ਕੇ ਤਾਸ਼ ਖੇਡਦੇ ਤੇ ਬੂਟਾ ਬਾਹਰ ਬਰਾਂਡੇ ਵਿਚ ਆਪਣੇ ਖ਼ਿਆਲਾਂ ਵਿਚ ਡੁੱਬਿਆ ਇਕੱਲਾ ਬੈਠਾ ਰਹਿੰਦਾ। ਅਸੀਂ ਦੋ ਚਿੱਠੀਆਂ ਘੱਲੀਆਂ ਸਨ, ਇਕ ਪਟਿਆਲੇ ਵਿਚ ਖੇਡਾਂ ਦੇ ਵੱਡੇ ਅਫਸਰ ਨੂੰ ਤੇ ਦੂਜੀ ਮਹਾਰਾਜੇ ਨੂੰ। ਇਨ੍ਹਾਂ ਚਿੱਠੀਆਂ ਦੀ ਉਡੀਕ ਵਿਚ ਬੈਠੇ ਅਸੀਂ ਬੂਟੇ ਲਈ ਹੋਰ ਕੋਈ ਪ੍ਰੋਗਰਾਮ ਨਹੀਂ ਸਾਂ ਬਣਾ ਸਕਦੇ।

ਸਵੇਰੇ-ਸਵੇਰੇ ਬੂਟਾ ਲੰਮੀਆਂ-ਲੰਮੀਆਂ ਤੇ ਤਿਰਛੀਆਂ ਉਲਾਂਘਾ ਭਰਦਾ ਹੋਇਆ ਡਾਕਖਾਨੇ ਜਾ ਕੇ ਜੱਜ ਦੀ ਚਿੱਠੀ-ਪੱਤਰੀ ਲੈ ਕੇ ਆਉਂਦਾ। ਫਿਰ ਦੁਪਹਿਰਾ ਢਲਣ ਉਤੇ ਮੰਡੀ ਵੱਲ ਉਡ ਲੈਂਦਾ ਤੇ ਤਾਸ਼ ਖੇਡਦੇ ਹੋਏ ਜੱਜ ਤੇ ਉਸ ਦੇ ਮਿੱਤਰਾਂ ਲਈ ਪਾਨ, ਬਰਫ਼, ਨਿੰਬੂ, ਸ਼ਕੰਜਵੀ ਆਦਿ ਲੈ ਆਉਂਦਾ। ਲੋਕਾਂ ਦੀ ਭੀੜ ਜੋ ਬੂਟੇ ਨੂੰ ਤੱਕਣ ਲਈ ਜੱਜ ਦੇ ਬੰਗਲੇ ਆਉਂਦੀ ਸੀ, ਜਿਵੇਂ ਉਹ ਕੋਈ ਵਚਿੱਤ੍ਰ ਜੀਵ ਹੋਵੇ, ਘਟਦੀ ਗਈ। ਹੌਲੀ-ਹੌਲੀ ਬੂਟੇ ਦੇ ਆਲੇ-ਦੁਆਲੇ ਅਦਭੁਤ ਤੇ ਚਰਚਾ-ਭਰੀ ਛੋਹ ਦਾ ਬੂਰ ਉਡ ਗਿਆ ਤੇ ਉਹ ਨੜੇ ਵਾਂਗ ਖਾਲੀ-ਖਾਲੀ ਰਹਿ ਗਿਆ ਜਿਸ ਦੁਆਲੇ ਰੂੰ ਦੀ ਇਕ ਤੰਦ ਵੀ ਨਾ ਹੋਵੇ।

ਤਿੰਨ ਹਫ਼ਤੇ ਲੰਘ ਗਏ। ਬੂਟੇ ਨੂੰ ਇੰਜ ਮਹਿਸੂਸ ਹੋਇਆ ਜਿਵੇਂ ਕਈ ਸਾਲ ਲੰਘ ਗਏ ਹੋਣ।

ਇਕ ਦਿਨ ਉਸ ਨੇ ਮੈਨੂੰ ਆਖਿਆ, "ਮੈਂ ਇਕ ਸਰਦਾਰ ਨੂੰ ਜਾਣਦਾ ਹਾਂ ਜੋ ਅੱਜਕੱਲ੍ਹ ਫਰੀਦਕੋਟ ਰਹਿੰਦਾ ਹੈ। ਕਿਸੇ ਵੇਲੇ ਉਹ ਮਹਾਰਾਜੇ ਪਟਿਆਲੇ ਦਾ ਡਿਉਢੀ ਅਫਸਰ ਹੁੰਦਾ ਸੀ। ਉਸ ਦੀ ਮਹਾਰਾਜੇ ਤਕ ਬਹੁਤ ਪਹੁੰਚ ਐ। ਜੇ ਮੈਂ ਉਸ ਕੋਲ ਜਾਵਾਂ ਤਾਂ ਉਹ ਮੈਨੂੰ ਜ਼ਰੂਰ ਮਹਾਰਾਜਾ ਸਾਹਿਬ ਨਾਲ ਮਿਲਾ ਦੇਵੇਗਾ। ਫੇਰ ਸ਼ੈਂਤ ਕੋਈ ਰਾਹ ਖੁੱਲ੍ਹ ਜਾਵੇ।"

ਇਕ ਹਫ਼ਤੇ ਪਿੱਛੋਂ ਬੂਟਾ ਫਰੀਦਕੋਟ ਉਸ ਆਦਮੀ ਨੂੰ ਮਿਲਣ ਚਲਾ ਗਿਆ।

ਇਸ ਪਿੱਛੋਂ ਮੈਨੂੰ ਪਤਾ ਲੱਗਾ ਕਿ ਬੂਟਾ ਪਟਿਆਲੇ ਚਲਾ ਗਿਆ ਹੈ। ਕਈ ਲੋਕਾਂ ਦੀਆਂ ਚਿੱਠੀਆਂ ਲੈ ਕੇ ਤੇ ਕਈਆਂ ਨੂੰ ਮਿਲਦੇ ਮਿਲਾਉਂਦੇ ਛੇਕੜ ਉਹ ਮਹਾਰਾਜਾ ਸਾਹਿਬ ਦੇ ਏ. ਡੀ. ਕਾਂਗ ਤੀਕ ਪੁੱਜ ਗਿਆ ਜਿਸ ਨੇ ਬੂਟੇ ਦੀ ਮਹਾਰਾਜਾ ਸਾਹਿਬ ਨਾਲ ਛੇਤੀ ਤੋਂ ਛੇਤੀ ਮੁਲਾਕਾਤ ਕਰਵਾਉਣ ਦਾ ਵਾਇਦਾ ਕੀਤਾ।

ਇਸ ਪਿੱਛੋਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ। ਮੈਂ ਲਾਹੌਰ ਆਪਣੇ ਕੰਮ ਵਿਚ ਰੁੱਝਾ ਹੋਇਆ ਸਾਂ, ਇਸ ਲਈ ਬਹੁਤ ਚਿਰ ਪਿੰਡ ਨਾ ਆ ਸਕਿਆ। ਫਿਰ ਫਸਾਦ ਫੁਟ ਪਏ, ਦੇਸ਼ ਦੀ ਵੰਡ ਹੋ ਗਈ ਤੇ ਮੈਂ ਦਿੱਲੀ ਆ ਗਿਆ। ਇਸ ਪਿੱਛੋਂ ਮੈਨੂੰ ਬੂਟਾ ਸਿੰਘ ਦੀ ਬਹੁਤ ਚਿਰ ਤੀਕ ਕੋਈ ਖ਼ਬਰ ਨਾ ਮਿਲੀ।

1948 ਦੀ ਗੱਲ ਹੈ। ਸਰਦਾਰ ਪਟੇਲ ਰਿਆਸਤਾਂ ਦੇ ਮਹਾਰਾਜਿਆਂ ਨੂੰ ਭਾਰਤ ਯੂਨੀਅਨ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਨੂੰ ਪ੍ਰੇਰਨ ਲਈ ਦੇਸ਼ ਦਾ ਦੌਰਾ ਕਰ ਰਹੇ ਸਨ। ਮੈਂ ਉਸ ਦਿਨ ਪਟਿਆਲੇ ਸਾਂ। ਬਹੁਤ ਵੱਡਾ ਜਲੂਸ ਸੀ। ਸਰਦਾਰ ਪਟੇਲ ਤੇ ਮਹਾਰਾਜਾ ਚਾਂਦੀ ਦੀ ਬੱਘੀ ਵਿਚ ਨਾਲ-ਨਾਲ ਬੈਠੇ ਸਨ। ਬਜ਼ਾਰਾਂ, ਗਲੀਆਂ ਵਿਚ ਲੋਕ ਝੰਡੀਆਂ ਲਈ ਸਰਦਾਰ ਪਟੇਲ ਦੇ ਸੁਆਗਤ ਲਈ ਖੜ੍ਹੇ ਸਨ। ਬਾਰੀਆਂ-ਖਿੜਕੀਆਂ ਤੇ ਛੱਤਾਂ ਉੱਤੇ ਆਦਮੀ-ਤੀਵੀਆਂ ਜੁੜੇ ਖੜ੍ਹੇ ਸਨ। ਭੀੜ ਵਿਚ ਇਕ ਥਾਂ ਮੈਂ ਬੂਟਾ ਸਿੰਘ ਨੂੰ ਵੀ ਖੜ੍ਹੇ ਤੱਕਿਆ ਜੋ ਚਾਂਦੀ ਦੀ ਬੱਘੀ ਨੂੰ ਹੌਲੀ-ਹੌਲੀ ਤੁਰਦੇ ਤੱਕ ਰਿਹਾ ਸੀ, ਜਿਸ ਨੂੰ ਛੇ ਦੂਧੀਆ ਘੋੜੇ ਖਿੱਚ ਰਹੇ ਸਨ ਤੇ ਜਿਸ ਦੇ ਅੱਗੇ ਲਿਸ਼-ਲਿਸ਼ ਕਰਦੀਆਂ ਜ਼ਰਕ-ਬਰਕ ਵਰਦੀਆਂ ਪਾਈ ਫੌਜੀ ਬੈਂਡ ਜਾ ਰਿਹਾ ਸੀ।

ਜਦ ਸਰਦਾਰ ਪਟੇਲ ਦੀ ਸਵਾਰੀ ਲੰਘੀ ਤਾਂ ਮੈਂ ਬੂਟੇ ਨੂੰ ਮਿਲਿਆ ਤੇ ਉਸ ਨੂੰ ਪੁੱਛਿਆ ਜੁ ਉਸ ਦੀ ਮਹਾਰਾਜੇ ਨਾਲ ਮੁਲਾਕਾਤ ਦਾ ਕੀ ਸਿੱਟਾ ਨਿਕਲਿਆ?

ਉਸ ਉੱਤਰ ਦਿੱਤਾ, “ਹੁਣ ਤਾਂ ਸਰਦਾਰ ਪਟੇਲ ਦਿੱਲੀ ਤੋਂ ਆਏ ਹੋਏ ਹਨ। ਮਹਾਰਾਜਾ ਤੇ ਬਾਕੀ ਸਾਰੇ ਅਹਿਲਕਾਰ ਰੁੱਝੇ ਹੋਏ ਹਨ। ਜਦ ਮਹਾਰਾਜਾ ਸਾਹਿਬ ਨੂੰ ਵਿਹਲ ਲੱਗੀ ਤਾਂ ਉਹ ਮੈਨੂੰ ਮਿਲ ਸਕਣਗੇ।”

ਮੈਂ ਦਿੱਲੀ ਮੁੜ ਆਇਆ। ਇਸ ਪਿੱਛੋਂ ਦੋ ਸਾਲ ਤੀਕ ਮੈਂ ਬੂਟੇ ਨੂੰ ਨਾ ਮਿਲ ਸਕਿਆ। ਪਰ ਕਦੇ-ਕਦੇ ਮੈਨੂੰ ਉਸ ਬਾਰੇ ਉਡਦੀ-ਉਡਦੀ ਖ਼ਬਰ ਜ਼ਰੂਰ ਮਿਲ ਜਾਂਦੀ। ਉਸ ਨੂੰ ਪਟਿਆਲੇ ਬਹੁਤ ਚਿਰ ਉਡੀਕਣਾ ਪਿਆ। ਹਰ ਵੇਲੇ ਕੋਈ ਨਾ ਕੋਈ ਜ਼ਰੂਰੀ ਕੰਮ ਮਹਾਰਾਜਾ ਸਾਹਿਬ ਨੂੰ ਘੇਰੀ ਰੱਖਦਾ। ਮਹਾਰਾਜੇ ਦੇ ਏ. ਡੀ. ਕਾਂਗ ਨੇ ਬੂਟੇ ਨੂੰ ਆਖਿਆ ਕਿ ਇਸ ਤਰ੍ਹਾਂ ਘੜੀ-ਮੁੜੀ ਪਿੰਡੋਂ ਆਉਣ ਜਾਣ ਨਾਲ ਵਕਤ ਤੇ ਰੁਪਈਏ ਪੈਸੇ ਦੇ ਫਾਲਤੂ ਖਰਚ ਨਾਲੋਂ ਇਹੋ ਚੰਗਾ ਹੈ ਕਿ ਉਹ ਪਟਿਆਲੇ ਕੋਈ ਨਿੱਕੀ-ਮੋਟੀ ਨੌਕਰੀ ਕਰ ਲਏ। ਪਹਿਲੀ ਫੁਰਸਤ ਵਿਚ ਹੀ ਉਸ ਦੀ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਕਰਵਾ ਦਿੱਤੀ ਜਾਵੇਗੀ। ਤੇ ਫੇਰ ਉਸ ਨੂੰ ਕੌਮਾਂਤਰੀ ਦੇਸ਼ਾਂ ਦੀਆਂ ਖੇਡਾਂ ਤੇ ਦੌੜਾਂ ਵਿਚ ਘੱਲ ਦਿੱਤਾ ਜਾਏਗਾ।

ਇਹ ਗੱਲ ਬੂਟੇ ਨੂੰ ਜਚ ਗਈ ਤੇ ਉਹ ਮੋਤੀ ਮਹੱਲ ਸਰਕਾਰ ਦੇ ਲੱਸੀਖਾਨੇ ਵਿਚ ਦਰਬਾਨ ਦੇ ਤੌਰ 'ਤੇ ਨੌਕਰ ਹੋ ਗਿਆ। ਉਸ ਦੀ ਤਨਖਾਹ ਤਾਂ ਉਸ ਦਾ ਇਕ ਤਰ੍ਹਾਂ ਵਜ਼ੀਫ਼ਾ ਹੀ ਸੀ ਕਿਉਂ ਜੋ ਸਾਰਾ ਦਿਨ ਬਸ ਇਕ ਸਟੂਲ 'ਤੇ ਬੈਠੇ ਰਹਿਣ, ਲੰਮੇ ਪਏ ਰਹਿਣ ਤੇ ਬਾਗ ਵਿਚ ਘੁੰਮਣ-ਫਿਰਨ ਤੋਂ ਛੁੱਟ ਉਸ ਨੂੰ ਹੋਰ ਕੋਈ ਕੰਮ ਨਹੀਂ ਸੀ ਹੁੰਦਾ।

ਇਕ ਵਾਰੀ ਉਸ ਦੀ ਮਾਂ ਉਸ ਨੂੰ ਮੁੜ ਪਿੰਡ ਆਪਣੇ ਨਾਲ ਲੈ ਜਾਣ ਲਈ ਆਈ। ਉਹ ਬੂਟਾ ਜੋ ਨਿੱਤ ਦੀ ਉਡੀਕ ਤੇ ਸਰਕਾਰੀ ਕੰਮਾਂ ਵਿਚ ਢਿੱਲ ਤੋਂ ਹੁਣ ਚੰਗੀ ਤਰ੍ਹਾਂ ਜਾਣੂੰ ਹੋ ਗਿਆ ਸੀ, ਆਪਣੀ ਮਾਂ ਨੂੰ ਸਾਰੀਆਂ ਗੱਲਾਂ ਸਮਝਾ ਕੇ ਆਖਣ ਲੱਗਾ, "ਬੇਬੇ, ਇਕ ਵਾਰੀ ਮੈਂ ਲੰਡਨ ਹੋ ਆਵਾਂ, ਫਿਰ ਤੇਰੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਦਿਊਂਗਾ। ਫਿਰ ਸਾਨੂੰ ਕਿਸੇ ਗੱਲ ਦੀ ਤੋਟ ਨਹੀਂ ਰਹਿਣੀ। ਬਸ ਹੁਣ ਤਾਂ ਦਿਨਾਂ ਦੀ ਹੀ ਗੱਲ ਹੈ। ਰਤਾ ਕੁ ਸਬਰ ਦਾ ਘੁੱਟ ਭਰ।"

ਇਹ ਆਖ ਕੇ ਉਸ ਬੁੱਢੀ ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਦੀ ਤਨਖਾਹ ਦਿੱਤੀ ਜੋ ਬੁੱਢੀ ਨੇ ਆਪਣੀ ਸਲਾਰੀ ਦੇ ਲੜ ਬੰਨ੍ਹ ਲਈ ਤੇ ਪਿੰਡ ਮੁੜ ਗਈ।

ਬੂਟਾ ਆਪਣੀ ਨੌਕਰੀ ਉਤੇ ਜੰਮਿਆ ਰਿਹਾ। ਕਈ ਵਾਰ ਉਹ ਬੈਠਾ-ਬੈਠਾ ਅੱਕ ਜਾਂਦਾ ਤਾਂ ਬਜ਼ਾਰ ਜਾਂ ਨੇੜੇ ਦੀ ਮੰਡੀ ਦਾ ਚੱਕਰ ਲਾਉਣ ਲਈ ਟਿੱਭ ਜਾਂਦਾ ਤੇ ਕਈ-ਕਈ ਘੰਟੇ ਘੁੰਮਣ-ਫਿਰਨ ਪਿੱਛੋਂ ਮੁੜਦਾ। ਸਾਰਾ ਦਿਨ ਡਿਊਟੀ ਤੋਂ ਗ਼ੈਰਹਾਜ਼ਰ ਰਹਿਣ ਕਰਕੇ ਲੱਸੀ-ਖਾਨੇ ਦੇ ਅਫਸਰ ਤੀਕ ਉਸ ਦੀ ਸ਼ਿਕਾਇਤ ਪੁੱਜੀ ਤੇ ਇਸ ਪਿੱਛੋਂ ਉੱਚੇ ਅਫਸਰ ਤੀਕ ਵੀ ਗੱਲ ਪਹੁੰਚ ਗਈ। ਬੂਟੇ ਦੀ ਪੇਸ਼ੀ ਹੋਈ। ਉਸ ਨੂੰ ਬਹੁਤ ਝਿੜਕਿਆ ਗਿਆ ਤੇ ਇਸ ਝਾੜ-ਝੰਬ ਪਿੱਛੋਂ ਉਸ ਨੂੰ ਮੁਆਫ਼ ਕਰ ਦਿੱਤਾ ਗਿਆ ਕਿ ਜੇ ਅੱਗੇ ਤੋਂ ਬਗੈਰ ਦੱਸੇ ਆਪਣੀ ਡਿਊਟੀ ਛੱਡ ਕੇ ਕਿਤੇ ਗਿਆ ਤਾਂ ਉਸ ਨੂੰ ਨੌਕਰੀ ਤੋਂ ਜਵਾਬ ਮਿਲ ਜਾਏਗਾ। ਜੇ ਇਸ ਤਰ੍ਹਾਂ ਉਹ ਨੌਕਰੀ 'ਚੋਂ ਕੱਢ ਦਿੱਤਾ ਗਿਆ ਤਾਂ ਉਸ ਦੇ ਨਾਂ ਨੂੰ ਟਿੱਕਾ ਲੱਗ ਜਾਏਗਾ ਤੇ

ਉਸ ਨੂੰ ਕਦੀ ਵੀ ਕੌਮਾਂਤਰੀ ਦੇਸ਼ਾਂ ਦੀਆਂ ਦੌੜਾਂ ਦੇ ਮੁਕਾਬਲੇ ਵਿਚ ਨਹੀਂ ਘੱਲਿਆ ਜਾਏਗਾ।

ਇਸ ਵਾਕੇ ਨਾਲ ਬੂਟਾ ਸਹਿਮ ਗਿਆ। ਇਸ ਪਿੱਛੋਂ ਉਹ ਡਿਊਟੀ ਉਤੇ ਚੇਤੰਨ ਤੇ ਹੁਸ਼ਿਆਰੀ ਨਾਲ ਹਾਜ਼ਰ ਰਹਿਣ ਲੱਗਾ।

ਇਕ ਸਾਲ ਪਿੱਛੋਂ ਮੈਨੂੰ ਇਕ ਮੁਕੱਦਮੇ ਵਿਚ ਗੁਆਹੀ ਦੇਣ ਲਈ ਪਟਿਆਲੇ ਜਾਣਾ ਪਿਆ। ਸਾਰਾ ਦਿਨ ਕਚਹਿਰੀ ਭੁਗਤ ਕੇ ਥੱਕਿਆ-ਹੁੱਟਿਆ ਮੈਂ ਕਿਸੇ ਤਾਂਗੇ ਜਾਂ ਰਿਕਸ਼ੇ ਦੀ ਉਡੀਕ ਵਿਚ ਖੜ੍ਹਾ ਸਾਂ। ਕੁਝ ਚਿਰ ਪਿੱਛੋਂ ਮੈਂ ਦੂਰੋਂ ਹੌਲੀ-ਹੌਲੀ ਇਕ ਸਾਈਕਲ ਰਿਕਸ਼ਾ ਆਉਂਦੀ ਤੱਕੀ। ਉਸ ਦੇ ਨਾਲ-ਨਾਲ ਇਕ ਬੁੱਢੀ ਸੋਟੀ ਟੇਕਦੀ ਤੁਰੀ ਆ ਰਹੀ ਸੀ। ਜਦ ਰਿਕਸ਼ਾ ਨੇੜੇ ਆਈ ਤਾਂ ਮੈਂ ਇਸ ਵਿਚ ਬੈਠੇ ਬੂਟਾ ਸਿੰਘ ਨੂੰ ਪਛਾਣ ਲਿਆ। ਉਹ ਨਵੀਂ ਖਾਕੀ ਨਿੱਕਰ ਤੇ ਪੈਰੀਂ ਲਿਸ਼ਕਦੇ ਹੋਏ ਕਾਲੇ ਬੂਟ ਪਾਈ, ਸਿਰ ਉਤੇ ਮੂੰਗੀਆ ਰੰਗ ਦੀ ਪੱਗ ਬੰਨ੍ਹੀ ਬੈਠਾ ਸੀ। ਉਸ ਨੇ ਮੈਨੂੰ ਵੇਖ ਕੇ ਫਤਿਹ ਬੁਲਾਈ। ਰਿਕਸ਼ਾ ਖੜ੍ਹੋ ਗਈ।

"ਸੁਣਾ ਬਈ ਬੂਟਾ ਸਿਆਂ, ਕਿਹੋ ਜਿਹਾ ਹਾਲ ਐ ਤੇਰਾ?" ਮੈਂ ਪੁੱਛਿਆ।

"ਬਸ ਜੀ, ਵਾਹਿਗੁਰੂ ਦੀ ਕਿਰਪਾ ਐ। ਥੋਡੀ ਮਿਹਰਬਾਨੀ ਐ- ਠੀਕ ਆਂ। ਮਹਾਰਾਜਾ ਸਾਹਿਬ ਹੁਣ ਕੁਝ ਦਿਨਾਂ ਲਈ ਗਰਮੀ ਕਰਕੇ ਚੈਲ ਗਏ ਹੋਏ ਨੇ। ਜਦ ਮੁੜੇ ਤਾਂ ਉਨ੍ਹਾਂ ਨਾਲ ਮੇਰੀ ਮੁਲਾਕਾਤ ਹੋ ਜਾਊ। ਮੇਰਾ ਨਾਂ ਸਭਨਾਂ ਤੋਂ ਉਪਰ ਐ, ਬਸ ਪਹਿਲਾ ਨਾਂ ਮੇਰਾ ਈ ਐ... ਮੈਨੂੰ ਪਤਾ ਲੱਗਿਆ ਐ, ਅੱਸੂ 'ਚ ਦੌੜਨ ਵਾਲਿਆਂ ਦੀ ਇਕ ਟੀਮ ਲੰਡਨ ਜਾ ਰਹੀ ਐ। ਪੱਕੀ ਆਸ ਐ, ਮਹਾਰਾਜਾ ਸਾਹਿਬ ਮੈਨੂੰ ਜ਼ਰੂਰ ਚੁਣ ਲੈਣਗੇ ਤੇ ਭੇਜ ਦੇਣਗੇ।" ਮੈਂ ਉਸ ਵੱਲ ਤੱਕਿਆ ਤੇ ਉਸ ਨੂੰ ਪੁੱਛਿਆ ਕਿ ਉਹ ਰਿਕਸ਼ੇ ਵਿਚ ਕਿਉਂ ਬੈਠਾ ਹੈ?

ਬੁੱਢੀ ਨੇ ਵੱਡਾ ਸਾਰਾ ਹੌਕਾ ਭਰਿਆ ਤੇ ਆਖਣ ਲੱਗੀ, "ਵੇ ਪੁੱਤਰਾ! ਮੇਰਾ ਬੂਟਾ ਤਾਂ ਸੁੱਖ ਨਾਲ ਉਡਾਰੂ ਪੰਛੀ ਸੀ। ਇਸ ਨੂੰ ਇਨ੍ਹਾਂ ਜਾਏ-ਖਾਣੀਆਂ ਨੌਕਰੀਆਂ ਦਾ ਕੀ ਪਤਾ ਸੀ। ਬਸ ਏਥੇ ਉਸ ਨੂੰ ਲੱਕੜ ਦੇ ਟੂਲ 'ਤੇ ਬੰਨ੍ਹ ਕੇ ਬਿਠਾਲ ਦਿੱਤਾ। ਏਸ ਦੀਆਂ ਲੱਤਾਂ 'ਚ ਤਾਂ ਬਿਜਲੀ ਸੀ ਬਿਜਲੀ! ਬਸ ਏਸ ਤਰ੍ਹਾਂ ਬੈਠੇ-ਬੈਠੇ ਇਸ ਦੇ ਪੱਟਾਂ ਤੇ ਪਿੰਜਣੀਆਂ ਦਾ ਲਹੂ

ਗੋਡਿਆਂ ‘ਚ ‘ਕੱਠਾ ਹੋ ਗਿਆ ਐ। ਦੇਖੀਂ ਰਤਾ ਏਸ ਦੇ ਗੋਡੇ ਕਿਵੇਂ ਸੁੱਜੇ ਪਏ ਨੇ। ਹਾਏ ਨੀ ਅੰਮੜੀਏ!”

ਇਹ ਆਖ ਕੇ ਬੁੱਢੀ ਨੇ ਆਪਣੀਆਂ ਛਾਤੀਆਂ ਉਤੇ ਜ਼ੋਰ-ਜ਼ੋਰ ਦੀ ਮੁੱਕੀਆਂ ਮਾਰੀਆਂ। ਉਸ ਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਡਿੱਗਣ ਲੱਗੇ ਤੇ ਉਸ ਨੇ ਆਖਿਆ, “ਹਾਏ ਨੀ! ਹੁਣ ਮੈਂ ਇਸ ਨੂੰ ਹਸਪਤਾਲ ਲੈ ਜਾਨੀ ਆਂ। ਉਥੇ ਡਾਕਦਾਰ ਏਸ ਨੂੰ ਸੂਏ ਲਾਊਗਾ।”

ਮੈਂ ਬੂਟੇ ਵੱਲ ਤੱਕਿਆ। ਉਸ ਦੇ ਢਾਲ ਵਰਗੇ ਗੋਡੇ ਹੁਣ ਪਾਥੀਆਂ ਵਾਂਗ ਫੁੱਲੇ-ਫੁੱਲੇ ਸਨ। ਉਸ ਨੂੰ ਇਸ ਤਰ੍ਹਾਂ ਰਿਕਸ਼ੇ ਵਿਚ ਅਪਾਹਜ ਵਾਂਗ ਬੈਠਿਆਂ ਦੇਖ ਕੇ ਮੇਰੇ ਕਾਲਜੇ ਵਿਚ ਇਕ ਚੀਸ ਜਿਹੀ ਉਠੀ।

ਉਸ ਨੇ ਮੇਰੇ ਵੱਲ ਆਪਣੀਆਂ ਜਨੌਰਾਂ ਵਰਗੀਆਂ ਅੱਖਾਂ ਨਾਲ ਤੱਕਿਆ ਜਿਨ੍ਹਾਂ ਵਿਚ ਗੇਰੂ-ਰੰਗੇ ਡੋਰੇ ਫੁਟਕੀਆਂ ਵਾਂਗ ਤਰ ਰਹੇ ਸਨ। ਚਾਨਚੱਕ ਉਨ੍ਹਾਂ ਵਿਚ ਆਸ਼ਾ ਦੀ ਇਕ ਕਿਰਨ ਮਘ ਉਠੀ ਤੇ ਉਸ ਦੇ ਬੁੱਲ੍ਹ ਸੱਜਰੀ ਵਾਹੀ ਸਿਆੜ ਵਾਂਗ ਖੁੱਲ੍ਹ ਗਏ ਤੇ ਉਸ ਆਖਿਆ, “ਡਾਕਟਰ ਬਿਜਲੀ ਦੇ ਸੂਇਆਂ ਨਾਲ ਮੇਰਾ ਇਲਾਜ ਕਰ ਰਿਹਾ ਐ। ਅੱਠ-ਦਸ ਦਿਨਾਂ ਵਿਚ ਮੈਂ ਰਾਜ਼ੀ-ਬਾਜ਼ੀ ਹੋ ਜਾਵਾਂਗਾ ਤੇ ਫਿਰ ਪਹਿਲਾਂ ਵਾਂਗ ਦੌੜਨ ਲੱਗਾਂਗਾ। ਇਸ ਪਿੱਛੋਂ ਜੀ ਮੈਂ ਲੰਡਨ ਜਾਊਂਗਾ ਤੇ ਸੌ ਮੀਲ ਦੌੜ ਦੌੜੂੰਗਾ...।”

ਮੈਂ ਉਸ ਵੱਲ ਤੱਕਿਆ। ਉਸ ਦਾ ਮੂੰਹ ਆਸ਼ਾ ਦੀ ਕਿਰਨ ਨਾਲ ਚਮਕ ਰਿਹਾ ਸੀ, ਉਹੀ ਆਸ਼ਾ ਜੋ ਮ੍ਰਿਗਤ੍ਰਿਸ਼ਨਾ ਵਾਂਗ ਉਸ ਨੂੰ ਜੀਵਨ ਦੇ ਇਕ ਮਾਰੂਥਲ ਤੋਂ ਦੂਜੇ ਥਲ ਤੀਕ ਭਟਕਾਉਂਦੀ ਹੋਈ ਲਈ ਫਿਰਦੀ ਸੀ। ਛੇਕੜ ਹੁਣ ਉਹ ਇਕ ਥੱਕੇ-ਟੁੱਟੇ ਹਿਰਨ ਵਾਂਗ ਡਿਗ ਪਿਆ ਸੀ ਪਰ ਜਿਸ ਨੂੰ ਹੁਣ ਵੀ ਦੁਮੇਲ ਉਤੇ ਲਿਸ਼ਕਦੇ ਪਾਣੀ ਦਾ ਝੌਲਾ ਭਰਮਾਉਂਦਾ ਸੀ।

ਰਿਕਸ਼ਾ ਹੌਲੀ-ਹੌਲੀ ਤੁਰਦੀ ਹੋਈ ਚਲੀ ਗਈ। ਮੈਂ ਉਦੋਂ ਤੀਕ ਉਥੇ ਖੜ੍ਹਾ ਮਾਂ-ਪੁੱਤ ਨੂੰ ਵੇਖਦਾ ਰਿਹਾ ਜਦ ਤੀਕ ਉਹ ਦੋਵੇਂ ਦੂਰ ਸੜਕ ਦੇ ਮੋੜ ਤੋਂ ਭੌਂ ਕੇ ਮੇਰੀਆਂ ਅੱਖਾਂ ਤੋਂ ਉਹਲੇ ਨਾ ਹੋ ਗਏ।

ਲੇਖਕ: ਬਲਵੰਤ ਗਾਰਗੀ



# ਮੈਂ ਸਕੂਲ ਬੋਲਦਾਂ !

ਮੈਂ ਸਕੂਲ ਬੋਲਦਾਂ ਬੱਚਿਓ! ਮੈਨੂੰ ਭੁੱਲ ਜਾਇਓ ਨਾ।
ਛੇਤੀ ਕੋਲ ਮੇਰੇ ਤੁਸੀਂ ਆਇਓ, ਬਹੁਤੀ ਦੇਰ ਲਗਾਇਓ ਨਾ।

ਸੋਚ ਪੁਰਾਣੀਆਂ ਯਾਦਾਂ, ਰੋਜ਼ ਉਦਾਸ ਮੈਂ ਹੁੰਨਾ।
ਥੋੜੇ ਬਿਨਾਂ ਪਿਆਰੇ ਬੱਚਿਓ, ਮੇਰਾ ਵਿਹੜਾ ਸੁੰਨਾ ਸੁੰਨਾ।
ਆਪੇ ਕਰਕੇ ਫ਼ੈਸਲਾ ਮਨ ਨਾਲ਼, ਮਨ ਨੂੰ ਸਮਝਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ!...............।

ਰਲ਼ ਬੱਚਿਆਂ ਦੀ ਟੋਲੀ, ਜਦੋਂ ਸੀ ਪਰੇਅਰ ਬੋਲਦੀ।
ਕੰਨਾਂ ਦੇ ਵਿੱਚ ਰੂਹਾਨੀਅਤ ਦਾ ਸੀ, ਰਸ ਘੋਲ਼ਦੀ।
ਘਰੇ ਪਰੇਅਰ ਕਰਿਓ, ਐਵੇਂ ਸ਼ਰਮਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ!................।

ਮੇਰੇ ਵਿਹੜੇ ਅੰਦਰ ਲੱਗਦੇ ਸੀ, ਜਨਮ ਦਿਨਾਂ 'ਤੇ ਪੇੜ।
ਖੋ-ਖੋ ਸੀ ਕਦੇ ਪੈਂਦੀ, ਕਦੇ ਪੈਂਦੀ ਕਬੱਡੀ ਦੀ ਰੇਡ।
ਤੁਸੀਂ ਹੀਰੇ ਵਰਗੇ ਬੱਚਿਓ, ਐਵੇਂ ਰੁਲ਼ ਜਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ!................।

ਥੋੜੇ ਬਿਨਾਂ ਪਿਆਰੇ ਬੱਚਿਓ, ਮੇਰੇ ਬੂਟੇ ਵੀ ਨੇ ਸੁੱਕ ਚੱਲੇ।
ਰੌਣਕਾਂ ਵਾਲ਼ੇ ਗੀਤ ਵੀ ਹੌਲ਼ੀ-ਹੌਲ਼ੀ ਕਰਕੇ ਮੁੱਕ ਚੱਲੇ।
ਜਲਦੀ ਹੀ ਮੈਨੂੰ ਮਨਾਲਿਓ, ਮੈਨੂੰ ਬਹੁਤਾ ਰਵਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ!................।

ਉਦਾਸ ਜਿਹਾ ਕਰ ਚਿਹਰਾ, ਤੱਕਦਾ ਨਿੱਤ ਥੋਡੀਆਂ ਰਾਹਵਾਂ।
ਥੋਨੂੰ ਗਲਵੱਕੜੀ ਪਾਉਣ ਨੂੰ ਤਰਸਣ, ਨਿੱਤ ਮੇਰੀਆਂ ਬਾਹਵਾਂ।
ਮੈਨੂੰ ਮਿਲਣ ਛੇਤੀ ਤੁਸੀਂ ਆ ਜਿਓ, ਘਰ ਵਿੱਚ ਦਿਲ ਲਗਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ!................।

ਇਸ ਮਹਾਂਮਾਰੀ 'ਤੇ ਛੇਤੀ ਹੀ, ਮਿਸ਼ਨ ਫ਼ਤਹਿ ਹੈ ਕਰਨਾ।
ਕਰ ਦੁਨੀਆਂ ਨੂੰ ਜਾਗਰੂਕ, ਇਸ ਬਿਮਾਰੀ ਨਾਲ਼ ਹੈ ਲੜਨਾ।
ਛੇਤੀ ਹੀ ਆਪਾਂ ਜਿੱਤਾਂਗੇ, ਬਹੁਤਾ ਘਬਰਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ!................।

ਘਰ ਦੇ ਵਿੱਚ ਹੀ ਬਹਿਕੇ ਬੱਚਿਓ, ਕਰਦੇ ਰਹੋ ਪੜ੍ਹਾਈਆਂ।
ਗੱਲਾਂ ਸਰਕਾਰ ਦੀਆਂ ਮੰਨਿਓ, ਜੋ ਆਪਾਂ ਨੂੰ ਆਖ ਸੁਣਾਈਆਂ।
ਘਰ ਵਾਲ਼ੀ ਚਟਣੀ ਖਾਇਓ, ਬਾਹਰਲਾ ਭੋਜਨ ਖਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ!................।

ਨਾ ਲੱਭੀ ਤਾਰੀਖ਼ ਥੋਡੇ ਆਉਣੇ ਦੀ, ਨਿੱਤ ਚੈੱਕ ਕਰਾਂ ਕੈਲੰਡਰ ਨੂੰ।
ਕਦੋਂ ਖੁਸ਼ੀਆਂ ਦੀ ਚਾਬੀ ਲੱਗਣੀ, ਵਿੱਦਿਆ ਦੇ ਮੰਦਿਰ ਨੂੰ।
'ਗੁਰਵਿੰਦਰ' ਦੀ ਗੱਲ ਨੂੰ ਮੰਨ ਲਿਓ, ਗੱਲ ਨੂੰ ਲਮਕਾਇਓ ਨਾ।
ਮੈਂ ਸਕੂਲ ਬੋਲਦਾਂ ਬੱਚਿਓ! ਮੈਨੂੰ ਭੁੱਲ ਜਾਇਓ ਨਾ।
ਛੇਤੀ ਕੋਲ ਮੇਰੇ ਤੁਸੀਂ ਆਇਓ, ਬਹੁਤੀ ਦੇਰ ਲਗਾਇਓ ਨਾ।

ਗੁਰਵਿੰਦਰ ਸਿੰਘ 'ਉੱਪਲ'
ਈ. ਟੀ. ਟੀ. ਅਧਿਆਪਕ,
ਸਰਕਾਰੀ ਪ੍ਰਾਇਮਰੀ ਸਕੂਲ, ਦੌਲੋਵਾਲ
ਬਲਾਕ ਮਾਲੇਰਕੋਟਲਾ-2 (ਸੰਗਰੂਰ)